**ਭਵਾਨੀਗੜ੍ਹ / ਸੰਗਰੂਰ ( ਰਣਜੀਤ ਸਿੰਘ ਪੇਧਨੀ** )-ਵਿਧਾਨ ਸਭਾ ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹਨ ਕਿ ਨਿਰਧਾਰਿਤ ਸਮੇਂ ਅੰਦਰ ਸੰਗਰੂਰ ਹਲਕੇ ਅਧੀਨ ਪੈਂਦੀਆ ਸਾਰੀਆਂ ਡਰੇਨਾਂ, ਚੋਆਂ ਤੇ ਬਰਸਾਤੀ ਨਾਲਿਆਂ ਦੀ ਸਾਫ ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ। ਵਿਧਾਇਕ ਨੇ ਅੱਜ ਸਰਹਿੰਦ ਚੋਅ ਵਿਖੇ ਡੀ-ਸਿਲਟਿੰਗ ਅਤੇ ਸਫਾਈ ਪ੍ਰਕਿਰਿਆ ਦੇ ਚੱਲ ਰਹੇ ਕੰਮਾਂ ਦਾ ਅਚਨਚੇਤ ਨਿਰੀਖਣ ਕਰਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਸਰਕੰਡਾ, ਵੀਡ, ਜਾਲਾ, ਬੂਟੀ ਆਦਿ ਦੀ ਮਗਨਰੇਗਾ ਵਰਕਰਾਂ ਅਤੇ ਮਸ਼ੀਨਾਂ ਰਾਹੀਂ ਸਫ਼ਾਈ ਕਰਵਾਉਣ ਦੀ ਪ੍ਰਕਿਰਿਆ ਨੂੰ ਮੁਕੰਮਲ ਕੀਤਾ ਜਾਵੇ ਤਾਂ ਕਿ ਬਰਸਾਤ ਦੌਰਾਨ ਕਿਸੇ ਵੀ ਡਰੇਨ ਤੇ ਚੋਅ ਵਿੱਚ ਪਾਣੀ ਦੇ ਵਹਾਅ ਵਿੱਚ ਰੁਕਾਵਟ ਨਾ ਪਵੇ ਅਤੇ ਕਿਸੇ ਵੀ ਤਰ੍ਹਾਂ ਦੇ ਮਾਲੀ ਜਾਂ ਜਾਨੀ ਨੁਕਸਾਨ ਤੋਂ ਬਚਿਆ ਜਾ ਸਕੇ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਲ ਸਰੋਤ ਵਿਭਾਗ ਵੱਲੋਂ ਲਗਭਗ ਸਵਾ ਪੰਜ ਲੱਖ ਰੁਪਏ ਦੀ ਲਾਗਤ ਨਾਲ ਹਲਕੇ ਵਿੱਚੋ ਲੰਘਦੀ 8.23 ਕਿਲੋਮੀਟਰ ਲੰਬੀ ਸਰਹੰਦ ਚੋਅ ਦੀ ਡੀ-ਸਿਲਟਿੰਗ ਅਤੇ ਸਫਾਈ ਕਰਵਾਈ ਜਾ ਰਹੀ ਹੈ ਜਿਸ ਨਾਲ ਇਸ ਚੋਅ ਦੇ ਨਾਲ ਲੱਗਦੇ ਪਿੰਡਾਂ ਨੰਦਗੜ੍ਹ, ਦਿੱਤੂਪੁਰ, ਗਹਿਲਾਂ, ਰਸੂਲਪੁਰ ਛੰਨਾ, ਖੇੜੀ ਚੰਦਵਾਂ, ਜਲਾਨ, ਸੰਤੋਖਪੁਰਾ ਅਤੇ ਘਾਬਦਾਂ ਆਦਿ ਦੇ ਨਿਵਾਸੀ ਬਰਸਾਤਾਂ ਦੌਰਾਨ ਰਾਹਤ ਮਹਿਸੂਸ ਕਰਨਗੇ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਸੂਬੇ ਲਈ ਕਈ ਵੱਡੀਆਂ ਤੇ ਛੋਟੀਆਂ ਪੋਕਲੇਨ ਮਸ਼ੀਨਾਂ ਦੀ ਖਰੀਦ ਕੀਤੀ ਗਈ ਹੈ ਅਤੇ ਅਜਿਹੀ ਹੀ ਇਕ ਨਵੀਂ ਖਰੀਦੀ ਗਈ ਪੋਕਲੇਨ ਮਸ਼ੀਨ ਰਾਹੀਂ ਸਫਾਈ ਕਾਰਜਾਂ ਨੂੰ ਨੇਪਰੇ ਚੜਾਇਆ ਜਾ ਰਿਹਾ ਹੈ ਅਤੇ ਡੀ-ਸਿਲਟਿੰਗ ਪ੍ਰਕਿਰਿਆ ਦੌਰਾਨ ਚੋਅ ਵਿੱਚੋਂ ਜਿਹੜੀ ਮਿੱਟੀ ਨਿਕਲੇਗੀ ਉਸ ਨਾਲ ਚੋਅ ਦੇ ਬੰਨ੍ਹ ਨੂੰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਵੱਖ ਵੱਖ ਪਿੰਡਾਂ ਦੇ ਨਿਵਾਸੀਆਂ ਨੇ ਵਿਧਾਇਕ ਨਰਿੰਦਰ ਕੌਰ ਭਰਾਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਹੰਦ ਚੋ ਦੀ ਡੀ- ਸਿਲਟਿੰਗ ਕਰਵਾਉਣੀ ਚੰਗਾ ਉਦਮ ਹੈ। ਇਸ ਮੌਕੇ ਉਹਨਾਂ ਨਾਲ ਉਪ ਮੰਡਲ ਸੁਨਾਮ ਦੇ ਐਸ.ਡੀ.ਓ ਹਰਦੀਪ ਸਿੰਘ ਗੁਲਾਟੀ ਤੋਂ ਇਲਾਵਾ ਗੁਰਪ੍ਰੀਤ ਸਿੰਘ ਪ੍ਰਧਾਨ ਟਰੱਕ ਯੂਨੀਅਨ, ਵਿਕਰਮ ਸਿੰਘ ਨਕਟਾ ਬਲਾਕ ਪ੍ਰਧਾਨ ਅਤੇ ਪ੍ਰਗਟ ਸਿੰਘ ਵੀ ਹਾਜ਼ਰ ਸਨ।

**ਸਰਹਿੰਦ ਚੋਅ ਵਿਖੇ ਚੱਲ ਰਹੇ ਸਫਾਈ ਕਾਰਜਾਂ ਅਤੇ ਡੀ-ਸਿਲਟਿੰਗ ਪ੍ਰਕਿਰਿਆ ਦਾ ਅਚਨਚੇਤ ਕੀਤਾ ਨਿਰੀਖਣ**

### ਜ਼ਿਲ੍ਹਾ ਜਥੇਬੰਦੀ ਫਿਰੋਜ਼ਪੁਰ ਨੇ

# ਗੱਤਕਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ



**ਫਿਰੋਜ਼ਪੁਰ, 22 ਜੂਨ (ਮਨੋਹਰ ਲਾਲ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਗੱਤਕਾ ਦਿਵਸ ਜ਼ਿਲ੍ਹਾ ਜਥੇਬੰਦੀ ਫਿਰੋਜ਼ਪੁਰ ਨੇ ਬੜੀ ਧੂਮਧਾਮ ਨਾਲ ਮਨਾਇਆ। ਜਿਸ ਵਿਚ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਗੱਤਕਾ ਟੀਮ ਮੱਲਾਂਵਾਲਾ ਖ਼ਾਸ, ਫਿਰੋਜ਼ਪੁਰ ਗੱਤਕਾ ਟੀਮ ਨੇ ਹਿੱਸਾ ਲਿਆ ਅਤੇ ਜੰਗਜੂ ਖੇਡ ਗੱਤਕੇ ਦੇ ਜੌਹਰ ਦਿਖਾਏ।ਆਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਅਤੇ ਪੀਏਸੀ ਮੈਂਬਰ ਗੁਰਚਰਨ ਸਿੰਘ ਭੁੱਲਰ ਨੇ ਨੌਜਵਾਨਾਂ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਖੇਡ ਗਤਕੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਗੱਤਕਾ ਮੁਕਾਬਲਿਆਂ ਦੀ ਸ਼ੁਰੂਆਤ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਨ ਉਪਰੰਤ ਕੀਤੀ ਗਈ ਅਤੇ ਟੀਮ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ। ਇਸ ਮੌਕੇ ਇੰਚਾਰਜ਼ ਯੂਥ ਵਿੰਗ ਪੰਜਾਬ ਤੇਜਿੰਦਰ ਸਿੰਘ ਦਿਓਲ ਅਤੇ ਜ਼ਿਲ੍ਹਾ ਦਫਤਰ ਸਕੱਤਰ ਜਗਜੀਤ ਸਿੰਘ ਹੋਰਾਂ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕੇ ਹਰ ਸਾਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪੰਥਕ ਰਵਾਇਤਾਂ ਅਨੁਸਾਰ 21 ਜੂਨ ਨੂੰ ਇੰਟਰਨੈਸ਼ਨਲ ਗੱਤਕਾ ਦਿਵਸ ਮਨਾਉਂਦਾ ਆ ਰਿਹਾ ਹੈ। ਗੁਰੂ ਸਾਹਿਬ ਜੀ ਨੇ ਸਾਨੂੰ ਸਰੀਰਕ ਤੰਦਰੁਸਤੀ ਅਤੇ ਸਵੈ ਰੱਖਿਆ ਲਈ ਇਸ ਜੰਗਜੂ ਖੇਡ ਦੀ ਬਖਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖ ਇਤਿਹਾਸ ਵਿਚ ਗੱਤਕੇ ਦੀ ਮਹਾਨ ਮਹੱਤਤਾ ਹੈ ਅਤੇ ਸਾਡੇ ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਗਤਕਾ ਖੇਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਗੱਤਕਾ ਸਿੱਖਣਾ ਚਾਹੀਦਾ ਹੈ ਅਤੇ ਖੇਡਣਾ ਚਾਹੀਦਾ ਹੈ। ਇਸ ਮੌਕੇ ਆਗੂ ਸਾਹਿਬਾਨਾਂ ਵੱਲੋਂ ਜਗਜੀਤ ਸਿੰਘ, ਕਰਨਜੀਤ ਸਿੰਘ, ਰਣਜੋਧ ਸਿੰਘ ਅਤੇ ਪਹੁੰਚੀ ਹੋਈ ਟੀਮ ਨੂੰ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਰਤਾਰ ਸਿੰਘ ਬਸਤੀ ਅੰਮ੍ਰਿਤਸਰੀਆਂ, ਮਨਮੀਤ ਸਿੰਘ ਐਡਵੋਕੇਟ, ਮੋਹਨ ਸਿੰਘ ਨਿਯਾਜ਼ੀਆਂ, ਸਰਬਜੀਤ ਸਿੰਘ ਕੋਟਕਰੋੜ, ਗੁਰਪ੍ਰੀਤ ਸਿੰਘ ਬੈਰਕਾਂ, ਸੁਖਚੈਨ ਸਿੰਘ ਮਮਦੋਟ, ਗੱਜਣ ਸਿੰਘ ਸਹਿਜ਼ਾਦੀ ਆਦਿ ਹਾਜ਼ਰ ਸਨ।

# ਨਵਾਂ ਸੰਗਠਨ, ਨਵੀਂ ਲੀਡਰਸ਼ਿਪ, ਨਵਾਂ ਏਜੰਡਾ ਹੀ ਬਚਾ ਸਕਦਾ ਅਕਾਲੀ ਦਲ ਨੂੰ



ਸ਼੍ਰੋਮਣੀ ਅਕਾਲੀ ਦਲ ਨੂੰ ਪੰਚ ਪ੍ਰਧਾਨੀ ਸੁਪਰੀਮ ਪਾਵਰ ਬਹਾਲ ਕਰਨੀ ਚਾਹੀਦੀ ਹੈ ।ਇਸ ਵਿਚ ਪ੍ਰਧਾਨਗੀ ਕਿਸੇ ਦੀ ਨਹੀਂ ਹੋਣੀ ਚਾਹੀਦੀ ।ਨਾ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਵੇ ।ਪੰਥਕ ਜਜਬੇ ਵਾਲੇ ਇਸ ਵਿਚ ਸ਼ਾਮਲ ਕੀਤੇ ਜਾਣ ।ਮਸਲਨ ਸੁਖਦੇਵ ਸਿੰਘ ਭੌਰ ,ਬਾਬਾ ਸਰਬਜੋਤ ਸਿੰਘ ਬੇਦੀ ,ਪਰਮਜੀਤ ਸਿੰਘ ਸਰਨਾ, ਗੁਰਤੇਜ ਸਿੰਘ ਆਈਏਐਸ,ਬੀਬੀ ਪਰਮਜੀਤ ਕੌਰ ਖਾਲੜਾ, ।ਇਸ ਦੀ ਸਹਿਯੋਗੀ ਗਿਆਰਾਂ ਮੈਂਬਰੀ ਕਮੇਟੀ ਹੋਵੇ ।ਪੰਥਕ ਏਜੰਡੇ ਲਈ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਲਾਹਕਾਰ ਕਮੇਟੀ ਵਿਚ ਕਰਮਜੀਤ ਸਿੰਘ ਚੰਡੀਗੜ੍ਹ , ਬੀਬੀ ਕਿਰਨਜੋਤ ਕੌਰ,ਹਰਸਿਮਰਨ ਸਿੰਘ ਅਨੰਦਪੁਰ,ਹਮੀਰ ਸਿੰਘ, ਜਸਪਾਲ ਸਿੰਘ ਸਿਧੂ ਸ਼ਾਮਲ ਕੀਤੇ ਜਾਣ। ਬਲਵਿੰਦਰ ਸਿੰਘ ਭੂੰਦੜ ,ਦਲਜੀਤ ਸਿੰਘ ਚੀਮਾ ,ਮਹੇਸ਼ਇੰਦਰ ਸਿੰਘ ਗਰੇਵਾਲ ਚਲੇ ਕਾਰਤੂਸ ਹਨ ਜਿਵੇਂ ਬਾਗੀ ਸੁਖਦੇਵ ਸਿੰਘ ਢੀਂਡਸਾ ਤੇ ਪ੍ਰੇਮ ਸਿੰਘ ਚੰਦੂਮਾਜਰਾ ।ਨਵੇਂ ਸਿਰਿਉਂ ਨਵੀ ਅਕਾਲੀ ਲੀਡਰਸ਼ਿਪ ਪੈਦਾ ਕਰੋ ।ਸੁਖਬੀਰ ਬਾਦਲ ਸਹਿਯੋਗੀ ਹੋਣ। ਅਗੇ ਵਧਕੇ ਰੋਲ ਨਿਭਾਉਣ ।ਆਪਣੇ ਗੁਨਾਹਾਂ ਦੀ ਅਕਾਲ ਤਖਤ ਸਾਹਿਬ ਪੇਸ਼ ਹੋਕੇ ਮਾਫੀ ਮੰਗਣ ਤੇ ਤਨਖਾਹ ਲਗਾਉਣ ।ਉਥੋਂ ਸਦਾ ਦੇਣ ਖਾਲਸਾ ਪੰਥ ਅਕਾਲੀ ਦਲ ਨੂੰ ਬਚਾਉਣ ਲਈ ਅਗੇ ਆਵੇ ।ਨਹੀਂ ਤਾਂ ਵਿਧਾਨ ਸਭਾ ਤਕ ਤੁਹਾਡਾ ਕੇਡਰ ਵੀ ਖਤਮ ਹੋ ਜਾਵੇਗਾ। ਕਾਲਜਾਂ ਵਿਚ ਯੂਥ ਵਲ ਧਿਆਨ ਦੇਵੋ ।ਸਿਖ ਸਟੂਡੈਂਟਸ ਫੈਡਰੇਸ਼ਨ ਬਹਾਲ ਕਰੋ ।ਜੋ ਅਕਾਲੀ ਦਲ ਦਾ ਹਰਿਆਵਲ ਦਸਤਾ ਬਣੇ। ਪੰਥਕ ਧੜਿਆਂ ਦਾ ਸਹਿਯੋਗ ਲਵੋ ਜੋ ਪੰਥ ਪ੍ਰਸਤ ਹੋਣ ।ਨਵੇਂ ਜਿਤੇ ਲੋਕ ਸਭਾ ਪੰਥਕ ਮੈਂਬਰਾਂ ਦਾ ਸਹਿਯੋਗ ਲੈਕੇ ਗਠਜੋੜ ਬਣਾਉ ਤਾਂ ਜੋ ਵਿਧਾਨ ਸਭਾ ਜਿਤ ਸਕੀਏ ।ਕਿਸਾਨਾਂ ,ਸ਼ਹਿਰੀ ਸਿਖਾਂ ,ਮਜਹਬੀਆਂ ,ਰਾਮਦਾਸੀਆਂ, ਰਾਮਗੜੀਆ ,ਹੋਰ ਸਿਖ ਜਮਾਤਾਂ ਨਾਲ ਰਾਬਤਾ ਕਰੋ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੋ ।ਅਕਾਲੀ ਦਲ ਨਾਲ ਜੋੜੋ ।ਸੰਗਠਨ ਵਿਚ ਥਾਂ ਦੇਵੋ ।ਪੰਥਕ ਜਜਬਾ ,ਇਮਾਨਦਾਰੀ ਵਿਸ਼ਵਾਸ ਬਿਨਾਂ ਗਲ ਨਹੀਂ ਬਣਨੀ ।ਇਹ ਆਖਰੀ ਪਾਰੀ ਹੈ ਥੋਡੀ। ਨਹੀਂ ਤਾਂ ਸੁਖਬੀਰ ਦੇ ਬਾਗੀ ਆਪ ਅਕਾਲੀ ਦਲ ਖਤਮ ਕਰ ਦੇਣਗੇ। ਉਹ ਨਾ ਅਕਾਲੀ ਦਲ ਉਸਾਰ ਸਕਦੇ ਨੇ ਨਾ ਤਬਦੀਲੀ ਲਿਆ ਸਕਦੇ ਨੇ ।ਉਹਨਾਂ ਉਪਰ ਪੰਥ ਦਾ ਵਿਸ਼ਵਾਸ ਨਹੀਂ। ਸਮੁਚੀ ਸਿਖ ਸੰਗਤ ਦਾ ਵਿਸ਼ਵਾਸ ਹੈ ਕਿ ਅਸੀਂ ਧੁਰੋਂ ਅਕਾਲੀ ਹਾਂ ਸੁਖਬੀਰ ਬਾਦਲ ਦੀਆਂ ਨੀਤੀਆਂ ਤੇ ਪਰਿਵਾਰਵਾਦ ਨਾਲ ਸਹਿਮਤ ਨਹੀਂ ।ਅਕਾਲੀ ਦਲ ਸਤਾ ਲਈ ਨਹੀਂ ਪੰਥ ਤੇ ਪੰਜਾਬ ਲਈ ਜੂਝੇ ਪਹਿਰੇਦਾਰ ਬਣੇ ,ਸਮੂਹ ਪੰਜਾਬੀਆਂ ਦੀ ਜਮਾਤ ਬਣੇ ।ਅਕਾਲੀ ਦਲ ਪੰਥ ਦੀ ਦਸਵੰਧ ਨਾਲ ਚਲੇ ਨਾ ਕਿ ਕਾਰਪੋਰੇਟ ਸ਼ਕਤੀਆਂ ਦੇ ਫੰਡ ਨਾਲ ।ਕਾਰਪੋਰੇਟ ਦੇ ਬੋਲਬਾਲੇ ਤੇ ਦਖਲਅੰਦਾਜ਼ੀ ਦਾ ਬਾਈਕਾਟ ਪੰਥ ਤੇ ਅਕਾਲੀ ਦਲ ਦੀ ਚੜਦੀਕਲਾ ਹੈ ਕਿਉਂ ਕਿ ਅਸੀਂ ਕਿਰਤ ਤੇ ਵੰਡ ਛਕਣ ਦੀ ਪੈਰਵਾਈ ਕਰਦੇ ਹਾਂ।

**-ਬਲਵਿੰਦਰਪਾਲ ਸਿੰਘ (ਪ੍ਰੋ.)**

# ਫੋਰੈਸਟ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀ ਜਰੂਰੀ ਮੀਟਿੰਗ ਹੋਈ

ਫਿਰੋਜ਼ਪੁਰ 22 ਜੂਨ (ਮਨੋਹਰ ਲਾਲ): ਪੰਜਾਬ ਫੋਰੈਸਟ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀ ਜਰੂਰੀ ਮੀਟਿੰਗ ਜੋਗਾ ਨੰਦ ਰੋਡ ਨੇੜੇ ਵਣ ਮੰਡਲ ਅਫ਼ਸਰ ਬਠਿੰਡਾ ਪਾਰਕ ਵਿਖੇ ਹੋਈ। ਜਿਸ ਦੀ ਪ੍ਰਧਾਨੀ ਬਲਵਿੰਦਰ ਸਿੰਘ ਸੰਧੂ ਸੂਬਾ ਪ੍ਰਧਾਨ ਨੇ ਕੀਤੀ।ਮੀਟਿੰਗ ਵਿੱਚ ਪੰਜਾਬ ਦੇ ਵੱਖ ਵੱਖ ਜਿਲਿਆ ਤੋ ਵੱਡੀ ਗਿਣਤੀ ਵਿਚ ਵਣ ਪੈਨਸ਼ਨਰ ਸ਼ਾਮਲ ਹੋਏ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਣ ਪੈਨਸ਼ਨਰ ਦੀਆਂ ਮੰਗਾਂ ਮੁਸ਼ਕਲਾਂ ਜਿਵੇਂ ਬਣਦੇ ਸੇਵਾ ਲਾਭ ਦੇਣ ਮ੍ਰਿਤਕ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇਣ ਚਲਦੀਆਂ ਅਪੀਲਾਂ ਅਤੇ ਕੈਸਾ ਸੰਬੰਧੀ ਲੋੜੀਂਦਾ ਰਿਕਾਰਡ



ਦੇਣ ਅਤੇ ਰਿਕਾਰਡ ਦੇਣ ਅਧਾਰ ਤੇ ਟਿੱਪਣੀ ਕੀਤੀ ਜਾਵੇ ਅਤੇ ਸਮਾਂਬੱਧ ਨਿਪਟਾਰਾ ਕੀਤਾ ਜਾਵੇ ਅਤੇ ਸੇਵਾ ਮੁਕਤੀ ਤੋਂ ਏਕ ਸਾਲ ਪਹਿਲਾਂ ਕੇਸਾਂ ਦਾ ਨਿਪਟਾਰਾ ਕੀਤਾ ਜਾਵੇ ਨਹੀਂ ਤਾਂ ਵਣ ਪੈਨਸ਼ਨਰ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੇ। ਇਸ ਸਮੇਂ ਬਲਵਿੰਦਰ ਸਿੰਘ ਸੰਧੂ ਸੂਬਾ ਪ੍ਰਧਾਨ, ਜਗਦੀਪ ਸਿੰਘ ਢਿੱਲੋ ਸਰਪ੍ਰਸਤ, ਮੋਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ, ਬਲਜੀਤ ਸਿੰਘ ਕੰਗ ਖਜਾਨਚੀ, ਰਸ਼ਪਾਲ ਸਿੰਘ ਮੀਤ ਪ੍ਰਧਾਨ, ਦਲਜੀਤ ਸਿੰਘ ਟਾਹਲਾ ਸਾਹਿਬ, ਮੇਜਰ ਸਿੰਘ ਮੂੰਗਰਾ, ਪ੍ਰਿਥੀ ਰਾਜ, ਕ੍ਰਿਸ਼ਨ ਕੁਮਾਰ, ਬਚਿੱਤਰ ਸਿੰਘ, ਦਲੀਪ ਸਿੰਘ, ਮਨਪ੍ਰੀਤ ਸਿੰਘ ਆਦਿ ਨੇ ਸੰਬੋਧਨ ਕੀਤਾ।

ਮੀਰੀ ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਪੁਰਬ ਦੇ ਮਹਾਨ ਸਮਾਗਮ

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਅਸਥਾਨ ਗੁਰਦੁਆਰਾ ਪਾਤਸ਼ਾਹੀ ਛੇਵੀਂ ਗੁਰੂ ਕਸ਼ੇਤਰ ਵਿੱਚ ਚੜ੍ਹਦੀ ਕਲਾ ਨਾਲ ਮਨਾਏ ਗਏ

















ਆਵਾਜ਼ਿ ਕੌਮ
AWAZE QAUM
International Newspaper & WEB TV

ਮੀਰੀ ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਪੁਰਬ ਦੇ ਮਹਾਨ ਸਮਾਗਮ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਅਸਥਾਨ ਗੁਰਦੁਆਰਾ ਪਾਤਸ਼ਾਹੀ ਛੇਵੀਂ ਗੁਰੂ ਕਸ਼ੇਤਰ ਵਿੱਚ ਚੜਦੀ ਕਲਾ ਨਾਲ ਮਨਾਏ ਗਏ ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ ਅਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
ਆਵਾਜ਼ਿ ਕੌਮ AWAZE QAUM International Newspaper & WEB TV

### ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਅੰਦਰੂਨ ਬਗਦਾਦੀ ਗੇਟ ਫਿਰੋਜ਼ਪੁਰ ਸ਼ਹਿਰ ਵਿਖੇ

# ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ







**ਫਿਰੋਜ਼ਪੁਰ, 22 ਜੂਨ (ਮਨੋਹਰ ਲਾਲ)**-ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਅੰਦਰੂਨ ਬਗਦਾਦੀ ਗੇਟ ਫਿਰੋਜ਼ਪੁਰ ਸ਼ਹਿਰ ਵਿਖੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਗੁਰਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂ ਜੱਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਅੰਦਰੂਨ ਬਗਦਾਦੀ ਗੇਟ ਫਿਰੋਜ਼ਪੁਰ ਸ਼ਹਿਰ ਦੇ ਸੇਵਾਦਾਰ ਬਾਬਾ ਅਵਤਾਰ ਸਿੰਘ ਨੇ ਸਭ ਤੋਂ ਪਹਿਲਾਂ ਮੀਰੀ ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਗੁਰਪੁਰਬ ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈ ਦਿੱਤੀ ਅਤੇ ਆਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 9 ਜੂਨ 1595 ਵਿਚ ਗੁਰੂ ਕੀ ਵਡਾਲੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਇਨ੍ਹਾਂ ਦਾ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਮਾਤਾ ਧੰਨ ਧੰਨ ਮਾਤਾ ਗੰਗਾ ਜੀ, ਸੁਪਤਨੀ ਧੰਨ ਧੰਨ ਮਾਤਾ ਦਮੋਦਰੀ ਜੀ, ਧੰਨ ਧੰਨ ਮਾਤਾ ਨਾਨਕੀ ਜੀ, ਧੰਨ ਧੰਨ ਮਾਤਾ ਮਹੇਸਵਰੀ ਜੀ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ 1609 ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਕੀਤੀ ਅਤੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ਉਨ੍ਹਾਂ 1612 ਵਿਚ ਗਵਾਲੀਅਰ ਦੇ ਕਿਲੇ ਵਿਚੋਂ 52 ਰਾਜੇ ਰਿਹਾਅ ਕਰਵਾਏ। ਇਸ ਤੋਂ ਇਲਾਵਾ ਉਨ੍ਹਾਂ ਨੇ ਚਾਰ ਜੰਗਾਂ ਲੜੀਆਂ ਜੋ ਕਿ 1628, 1630, 1631, 1634 ਵਿਚ ਧਰਮ ਯੁੱਧ ਵਿਚ ਫਤਿਹ ਪ੍ਰਾਪਤ ਕੀਤੀ। ਇਸ ਮੌਕੇ ਤੇ ਹਰਜੀਤ ਸਿੰਘ ਕਾਲਾ ਲੋਟੇ, ਤਲਵਿੰਦਰ ਸਿੰਘ ਲੋਟੇ, ਲਖਵਿੰਦਰ ਸਿੰਘ, ਜਸਵਿੰਦਰ ਸਿੰਘ, ਗੁਰਅਸੀਸ ਸਿੰਘ, ਸਤਵਿੰਦਰ ਸਿੰਘ ਲੋਟੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੰਗਤਾਂ ਹਾਜ਼ਰ ਸਨ। ਇਸ ਮੌਕੇ ਬੀਬੀਆਂ ਦੇ ਜਥੇ ਨੇ ਵੀ ਕੀਰਤਨ ਕੀਤਾ। ਇਸ ਮੌਕੇ ਤੇ ਗੁਰੂ ਕਾ ਲੰਗਰ, ਮਿੱਠੇ ਪ੍ਰਸਾਦੇ, ਅਚਾਰ, ਗੰਢਾ, ਦਹੀ, ਲੱਸੀ ਦਾ ਲੰਗਰ ਅਤੁੱਟ ਵਰਤਾਇਆ ਗਿਆ।

## ਗੁਰਦੁਆਰਾ ਮਾਈ ਰਾਮ ਦੇਵ ਜੀ ਵਿਖੇ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਜੀ ਦਾ ਅਵਤਾਰ ਗੁਰਪੁਰਬ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ ਅਤੇ ਨਾਲ ਹੀ ਬਾਬਾ ਬੁੱਢਾ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਗਿਆ





ਫਿਰੋਜ਼ਪੁਰ, 22 ਜੂਨ (ਮਨੋਹਰ ਲਾਲ): ਗੁਰਦੁਆਰਾ ਮਾਈ ਰਾਮ ਦੇਵੀ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ ਅਤੇ ਨਾਲ ਹੀ ਬਾਬਾ ਬੁੱਢਾ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭੋਗ ਉਪਰੰਤ ਦੀਵਾਨ ਸਜਾਏ ਗਏ। ਜਿਸ ਵਿਚ ਭਾਈ ਅਵਤਾਰ ਸਿੰਘ ਫੌਜੀ ਹੈੱਡ ਗ੍ਰੰਥੀ ਗੁਰਦੁਆਰਾ ਮਾਈ ਰਾਮ ਦੇਵੀ ਜੀ ਨੇ ਕਥਾ ਕੀਰਤਨ ਕਰਦਿਆਂ ਆਖਿਆ ਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਜੀ ਦੇ ਅਵਤਾਰ ਗੁਰਪੂਰਬ ਦੀਆਂ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਦਿੱਤਾ ਕਿ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 1595 ਵਿਚ ਗੁਰੂ ਕੀ ਵਡਾਲੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਅਤੇ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਧੰਨ ਧੰਨ ਮਾਤਾ ਗੰਗਾ ਜੀ ਦੀ ਕੁੱਖੋਂ ਹੋਇਆ, ਆਪ ਜੀ ਨੇ 1609 ਵਿਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਿਰਜਨਾ ਕੀਤੀ ਅਤੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ 1612 ਵਿਚ ਗਵਾਲੀਅਰ ਦੇ ਕਿਲੇ ਵਿਚੋਂ 52 ਰਾਜੇ ਰਿਹਾਅ ਕਰਵਾਏ। 1628, 1630, 1631, 1634 ਵਿਚ ਚਾਰ ਧਰਮ ਯੁੱਧ ਕੀਤੇ ਤੇ ਚਾਰਾਂ ਵਿਚ ਜਿੱਤ ਪ੍ਰਾਪਤ ਕੀਤੀ ਅਤੇ ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ, ਮਾਤਾ ਭਾਗ ਭਰੀ ਜੀ, ਬੀਬੀ ਕੋਲਾਂ ਜੀ ਦਾ ਅੰਤਿਮ ਵੇਲਾ ਸੰਭਾਲਿਆ। ਇਸ ਮੌਕੇ ਤੇ ਉਨ੍ਹਾਂ ਬਾਬਾ ਬੁੱਢਾ ਜੀ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸਰਦਾਰ ਹਰਦੀਪ ਸਿੰਘ ਜੀ ਭੱਲਾ ਜਿਨ੍ਹਾਂ ਦੇ ਪਰਿਵਾਰ ਵੱਲੋਂ ਕੀਤ ਗਈ। ਇਸ ਮੌਕੇ ਤੇ ਕੁਝ ਉੱਘੀਆਂ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਰਾਮ ਦੇਵੀ ਜੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਜੀਤ ਸਿੰਘ, ਮੀਤ ਪ੍ਰਧਾਨ ਹਰਦੀਪ ਸਿੰਘ ਭੱਲਾ, ਸੀਨੀਅਰ ਮੀਤ ਪ੍ਰਧਾਨ ਪੁਸ਼ਿਵੰਦਰ ਸਿੰਘ ਪਾਪੜਾ ਵਾਲੇ, ਖਜ਼ਾਨਚੀ ਸਰਬਜੀਤ ਸਿੰਘ ਪਾਪੜਾਂ ਵਾਲੇ, ਸਕੱਤਰ ਬੀਬੀ ਜਸਵੰਤ ਕੌਰ, ਸਰਦਾਰ ਜਗਜੀਤ ਸਿੰਘ ਬਾਵਾ, ਨਰਿੰਦਰ ਪਾਲ, ਇਕਬਾਲ ਸਿੰਘ, ਸ਼ੇਰ ਸਿੰਘ, ਜਗਜੀਤ ਸਿੰਘ ਬਾਵਾ, ਸੁਖਵਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਪਤਵੰਤੇ ਹਾਜ਼ਰ ਸਨ। ਇਸ ਮੌਕੇ ਤੇ ਮਿੱਠੇ ਪ੍ਰਸ਼ਾਦੇ, ਅਚਾਰ, ਗੰਢਾ ਆਦਿ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਜੇਕਰ ਸਾਨੂੰ ਇਨਸਾਫ ਨਾ ਮਿਲਿਆ ਤਾਂ ਅਸੀਂ ਮਜ਼ਬੂਰ ਹੋ ਕੇ ਐੱਸਐੱਸਪੀ ਦਫਤਰ ਫਿਰੋਜਪੁਰ ਵਿਖੇ

# ਅਣਮਿੱਥੇ ਸਮੇਂ ਲਈ ਧਰਨਾ ਲਾਵਾਂਗੇ : ਪਿੰਡ ਖੁੰਦੜ ਹਿਠਾੜ ਨਿਵਾਸੀ ਲਾਲ ਸਿੰਘ

**ਫਿਰੋਜ਼ਪੁਰ, 22 ਜੂਨ (ਮਨੋਹਰ ਲਾਲ)**-ਅੱਜ ਸਤਲੁੱਜ ਪ੍ਰੈਸ ਕਲੱਬ ਫਿਰੋਜ਼ਪੁਰ ਵਿਖੇ ਪ੍ਰੈਸ ਕਾਨਫਰੰਸ ਕਰਦਿਆਂ ਪਿੰਡ ਖੁੰਦੜ ਹਿਠਾੜ ਨੇੜੇ ਮਮਦੋਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਾਲ ਸਿੰਘ, ਸ਼ਾਮ ਸਿੰਘ, ਜਸਬੀਰ ਸਿੰਘ, ਦਲੀਪ ਸਿੰਘ, ਗੁਰਮੀਤ ਸਿੰਘ, ਲਵਪ੍ਰੀਤ ਸਿੰਘ, ਕਰਨਪ੍ਰੀਤ ਸਿੰਘ, ਸੁਰਜੀਤ ਸਿੰਘ, ਮਹਿੰਦਰ ਸਿੰਘ, ਅਕਾਸ਼ ਮਹਿਤਾ, ਅਮਰੀਕ ਸਿੰਘ, ਤਰਲੋਕ ਸਿੰਘ, ਗੁਰਪ੍ਰੀਤ ਸਿੰਘ, ਤਰਨਪ੍ਰੀਤ ਸਿੰਘ, ਜੋਗਿੰਦਰ ਸਿੰਘ, ਸਰਮੁੱਖ ਸਿੰਘ, ਨਿਰਮਲ ਸਿੰਘ, ਸੁਖਵੰਤ ਸਿੰਘ, ਮਹਿੰਦਰ ਸਿੰਘ, ਗੁਰਬਚਨ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪਿੰਡ ਨਿਵਾਸੀ ਹਾਜ਼ਰ ਸਨ ਦੱਸਿਆ ਕਿ ਸਾਡੇ ਪਿੰਡ ਜ਼ਮੀਨ ਦੀ ਬੋਲੀ ਹੋ ਰਹੀ ਸੀ ਤਾਂ ਕੁਝ ਲੋਕ ਸਾਡੇ ਗਲ ਪੈ ਗਏ ਅਤੇ ਸਾਡੀ ਕਾਰ ਦੀ ਭੰਨ ਤੋੜ ਕੀਤੀ। ਇਨ੍ਹਾਂ ਦੋਸ਼ ਲਾਇਆ ਕਿ ਕਾਰ ਵਿਚ ਸਾਡਾ ਦਸ ਲੱਖ ਰੁਪਇਆ ਸੀ ਜੋ ਇਨ੍ਹਾਂ ਵਿਰਧੀ ਧਿਰ ਨੇ ਲੁੱਟ ਲਿਆ। ਲਾਲ ਸਿੰਘ ਨੇ ਅੱਗੇ ਦੱਸਿਆ ਕਿ ਅਸੀਂ 7 ਲੱਖ ਪੈਸੇ ਬੈਂਕ ਵਿਚੋਂ ਕਢਵਾਏ ਸੀ ਅਤੇ 3 ਲੱਖ ਰੁਪਏ ਸਾਡੇ ਕੋਲ ਨਕਦ ਸੀ। ਇਹ ਕਿ ਅਸੀਂ ਸਭ ਤੋਂ ਪਹਿਲਾ ਪੁਲਿਸ ਕੋਲ ਗਏ, ਪਰ ਪੁਲਿਸ ਨੇ ਸਾਡੀ ਸਿਰਫ ਰਪਟ ਲਿਖੀ ਹੈ ਅਤੇ ਸਾਡੇ ਹੀ ਖਿਲਾਫ ਪਰਚਾ ਦਰਜ ਕੀਤਾ, ਜੋ ਕਿ 20 ਆਦਮੀਆਂ ਤੇ ਜਿਸ ਦੀ ਮੋਬਾਇਲ ਲੁਕੇਸ਼ਨ ਕਢਵਾਈ ਜਾਵੇ ਜੋ ਕਿ ਚੰਡੀਗੜ੍ਹ ਗਏ ਹੋਏ ਸੀ, ਕੁਝ ਫਿਰੋਜ਼ਪੁਰ ਗਏ ਹੋਏ, ਜਿਨ੍ਹਾਂ ਵਿਚ ਜਸਬੀਰ ਸਿੰਘ,



ਕਰਨਪ੍ਰੀਤ ਸਿੰਘ, ਜਗਦੀਪ ਸਿੰਘ, ਗੁਰਮੀਤ ਸਿੰਘ ਆਦਿ ਵੀ ਜਿਨ੍ਹਾਂ ਦਾ ਇਸ ਪਰਚੇ ਨਾਲ ਕੋਈ ਵਾਸਤਾ ਨਹੀਂ ਹੈ ਜੋ ਕਿ ਕੋਈ ਸਵਰਨ ਕੰਪਨੀ ਚੰਡੀਗੜ੍ਹ ਕੋਈ ਲਾਇਬਰੇਰੀ ਆਦਿ ਵਿਚ ਲੱਗੇ ਹੋਏ ਹਨ। ਉਪਰੋਕਤ ਆਗੂਆਂ ਨੇ ਦੱਸਿਆ ਕਿ ਪੁਲਿਸ ਸਾਡੇ ਨਾਲ ਪਾਰਦਰਸ਼ੀ ਕਰ ਰਹੀ ਹੈ ਅਤੇ ਇਕ ਪਾਸੜ ਕਾਰਵਾਈ ਕੀਤੀ ਹੈ। ਅਸੀਂ ਐੱਸਐੱਸਪੀ ਨੂੰ ਬੇਨਤੀ ਕਰਦੇ ਹਾਂ ਕਿ ਸਾਡੇ ਸਾਰਿਆਂ ਦੀ ਲੁਕੇਸ਼ਨ ਕਢਵਾਈ ਜਾਵੇ ਜਿਨ੍ਹਾਂ ਨੂੰ ਪਰਚੇ ਵਿਚ ਸ਼ਾਮਲ ਕੀਤਾ ਹੈ, ਇਹ ਜੋ ਵੀ ਹੋ ਰਿਹਾ ਹੈ ਸਿਆਸੀ ਦਬਾਅ ਤੇ ਹੋ ਰਿਹਾ ਹੈ। ਅਸੀਂ ਇਸ ਸਬੰਧ ਵਿਚ 2 ਵਾਰੀ ਧਰਨਾ ਲਾਇਆ ਹੈ ਜੋ ਸਾਰੀਆਂ ਕਿਸਾਨ ਯੂਨੀਅਨਾਂ ਦੇ ਪਿੰਡ ਦੇ ਲੋਕ ਡੀਐੱਸਪੀ ਨੇ ਸਾਨੂੰ ਭਰੋਸਾ ਦੇ ਕੇ ਸਾਡਾ ਧਰਨਾ ਖਤਮ ਕਰ ਦਿੱਤਾ ਹੈ। ਅਸੀਂ ਮਜ਼ਬੂਰ ਹੋ ਕੇ ਡੀਜੇਪੀ ਪੰਜਾਬ, ਪੁਲਿਸ ਚੰਡੀਗੜ੍ਹ, ਮਾਣਯੋਗ ਚੀਫ ਜਸਟਿਸ ਪੰਜਾਬ ਐਂਡ ਹਰਿਆਣਾ, ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਚੰਡੀਗੜ੍ਹ ਨੂੰ ਵੀ ਦਰਖਾਸਤਾਂ ਭੇਜੀਆਂ ਹਨ। ਇਹ ਕਿ ਸਾਡੇ ਕੋਲ ਪੂਰੇ ਦਸਤਾਵੇਜ, ਵੀਡਿਓ ਰਿਕਾਰਡਿੰਗ ਮੌਕੇ ਵਾਰਦਾਤ ਦੀ ਪੂਰੀ ਘਟਨਾ ਸਾਡੇ ਕੋਲ ਮੌਜੂਦ ਹੈ, ਜਿਸ ਵਿਚ ਸ਼ਰੇਆਮ ਸਾਡੇ ਨਾਲ ਧੱਕਾ ਹੋ ਰਿਹਾ ਹੈ। ਇਸ ਸਬੰਧ ਵਿਚ ਜਦੋਂ ਪੱਤਰਕਾਰਾਂ ਨੇ ਗੁਰਵਿੰਦਰ ਸਿੰਘ ਐੱਸਐੱਚਓ ਮਮਦੋਟ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਜੋ ਵੀ ਕਾਰਵਾਈ ਕੀਤੀ ਹੈ, ਕਾਨੂੰਨ ਅਨੁਸਾਰ ਕਾਰਵਾਈ ਕੀਤੀ ਹੈ ਜੇਕਰ ਤੁਾਡੇ ਕੋਲ ਕੋਈ ਵੀ ਸਬੂਤ ਹੈ ਤਾਂ ਸਾਨੂੰ ਮਿਲ ਕੇ ਆਪਣੇ ਸਬੂਤ ਦਿਖਾਓ। ਜੇਕਰ ਜਿਹੜਾ ਆਦਮੀ ਤੁਸੀਂ ਦੱਸ ਰਹੇ ਹੋ ਬਾਹਰ ਹਨ। ਉਨ੍ਹਾਂ ਦੀ ਲੁਕੇਸ਼ਨ ਵੀ ਕਢਾਈ ਜਾਵੇ, ਜਿਵੇਂ ਤੁਸੀਂ ਇਕ ਆਦਮੀ ਲਾਇਬਰੇਰੀ ਵਿਚ ਜੋਬ ਕਰ ਰਿਹਾ ਹੈ ਅਤੇ ਇਥ ਬੰਦਾ ਸਵਰਾਜ ਚੰਡੀਗੜ੍ਹ ਜੋਬ ਕਰ ਰਿਹਾ ਹੈ। ਜਸਬੀਰ ਸਿੰਘ ਡੀਸੀ ਆਫਿਸ ਫਿਰੋਜ਼ਪੁਰ ਵਿਚ ਟੋਕਨ ਨੰਬਰ 49 ਲੈ ਕੇ ਆਪਣੀ ਜ਼ਮੀਨ ਦੀ ਫਰਦ ਕਢਵਾ ਰਿਹਾ ਹੈ, ਕਰਨ ਸਿੱਧੂ ਆਪਣੀ ਕੱਪੜੇ ਦੀ ਸ਼ਾਪ ਦੇ ਉਪਰ ਕੰਮ ਕਰ ਰਿਹਾ ਹੈ। ਉਪਰੋਕਤ ਆਗੂਆਂ ਨੇ ਅੱਗੇ ਦੱਸਿਆ ਕਿ ਇਹ ਸਾਡੇ ਉਪਰ ਪਰਚਾ ਦਰਜ ਕੀਤਾ ਹੈ ਝੂਠਾ ਤੇ ਬੇਬੁਨਿਆਦ ਕੀਤਾ ਹੈ ਅਤੇ ਇਸ ਵਿਚ ਸਿਆਸੀ ਸ਼ਿਹ ਜੋਰਾਂ ਸ਼ੋਰਾਂ ਨਾਲ ਕੰਮ ਕਰ ਰਹੀ ਹੈ। ਅਸੀਂ ਐੱਸਐੱਸਪੀ ਫਿਰੋਜ਼ਪੁਰ ਤੋਂ ਮੰਗ ਕਰਦੇ ਹਾਂ ਕਿ ਸਾਡੇ ਕੇਸ ਦੀ ਇਨਕੁਆਰੀ ਕਿਸੇ ਇਮਾਨਦਾਰ ਅਫਸਰ ਦੀ ਲਗਾਈ ਜਾਵੇ ਤਾਂ ਜੋ ਸਾਨੂੰ ਇਨਸਾਫ ਮਿਲ ਸਕੇ ਅਤੇ ਦੋਸ਼ੀਆਂ ਤੇ ਕਾਰਵਾਈ ਹੋ ਸਕੇ।

## ਝੋਨੇ ਦੀ ਐਮ ਐਸ ਪੀ 'ਚ ਅੰਸ਼ਕ ਵਾਧਾ ਸਰਕਾਰ ਵਾਪਸ ਲੈ ਕੇ

# ਸਵਾਮੀਨਾਥਨ ਕਮਿਸ਼ਨ ਦੀਆ ਸਿਫਾਰਸ਼ਾਂ ਤਹਿਤ ਸੂਚਕ ਅੰਕ ਨਾਲ ਜੋੜੇ : ਜਥੇਦਾਰ ਕਰਨੈਲ ਸਿੰਘ ਪੀਰਮੁਹੰਮਦ



**ਚੰਡੀਗੜ੍ਹ, 22 ਜੂਨ (ਆਵਾਜ਼ਿ ਕੌਮ ਬਿਊਰੋ)**-ਸਾਉਣੀ ਦੀਆਂ ਸਾਰੀਆਂ 14 ਫਸਲਾਂ 'ਤੇ ਸੀ-2 ਅਤੇ 50 ਫੀਸਦੀ ਮੁਨਾਫਾ ਗਿਣਨ ਲਈ ਕਿਸਾਨਾਂ ਦੇ ਪ੍ਰਤੀਨਿਧਾਂ ਸਮੇਤ ਕਮੇਟੀ ਗਠਿਤ ਕਰਨ ਦੀ ਕੀਤੀ ਮੰਗ ਜੂਨ: ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਬੁਲਾਰੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਹੈ ਕਿ ਸਾਰੀਆਂ ਫਸਲਾਂ ਦੀ ਐਮ ਐਸ ਪੀ ਤੈਅ ਕਰਨ ਲਈ ਵਿਗਿਆਨਕ ਪਹੁੰਚ ਅਪਣਾਉਣਾ ਚਾਹੀਦਾ ਹੈ ਤੇ ਜ਼ੋਰ ਦੇ ਕੇ ਕਿਹਾ ਕਿ ਝੋਨੇ ਦੀ ਐਮ ਐਸ ਪੀ ਵਿਚ 117 ਰੁਪਏ ਦਾ ਨਿਗੂਣਾ ਵਾਧਾ ਕਰਨ ਸਮੇਂ ਕੇਂਦਰ ਸਰਕਾਰ ਤੇ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਮੁਤਾਬਕ ਲਾਗਤ 'ਤੇ 50 ਫੀਸਦੀ ਮੁਨਾਫੇ ਦਾ ਖਿਆਲ ਨਹੀਂ ਰੱਖਿਆ ਗਿਆ।

ਅਕਾਲੀ ਦਲ ਦੇ ਜਰਨਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਕਿ ਮੂੰਗੀ ਤੇ ਮੱਕੀ ਦੀ ਐਮ ਐਸ ਪੀ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ, ਇਹਨਾਂ ਫਸਲਾਂ ਦੀ ਐਮ ਐਸ ਪੀ 'ਤੇ ਖਰੀਦ ਵਾਸਤੇ ਕੋਈ ਯੰਤਰ ਵਿਧੀ ਤੈਅ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਦੇ ਕਿਸਾਨਾਂ ਨੂੰ ਪ੍ਰਾਈਵੇਟ ਖਿਡਾਰੀਆਂ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਗਿਆ ਹੈ ਕਿਉਂਕਿ ਕੇਂਦਰ ਸਰਕਾਰ ਇਹਨਾਂ ਫਸਲਾਂ ਦੀ ਐਮ ਐਸ ਪੀ 'ਤੇ ਖਰੀਦ ਨਹੀਂ ਕਰ ਰਹੀ। ਉਹਨਾਂ ਕਿਹਾ ਕਿ ਪੰਜਾਬ ਦੇ ਮਾਮਲੇ ਵਿਚ ਕਿਸਾਨਾਂ ਨੂੰ ਉਦੋਂ ਵੱਡਾ ਘਾਟਾ ਝੱਲਣਾ ਪਿਆ ਜਦੋਂ ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀ ਅਪੀਲ 'ਤੇ ਵੱਡੀ ਪੱਧਰ 'ਤੇ ਮੂੰਗੀ ਬੀਜ ਲਈ ਸੀ ਪਰ ਇਸਦੀ ਐਮ ਐਸ ਪੀ ਖਰੀਦ ਨਹੀਂ ਕੀਤੀ ਗਈ ਤੇ ਸਰਕਾਰ ਆਪਣੇ ਵਾਅਦੇ ਤੋਂ ਭੱਜ ਗਈ।

ਜਿਸ ਤਰੀਕੇ ਝੋਨੇ ਦੀ ਐਮ ਐਸ ਪੀ ਵਿਚ ਵਾਧਾ ਕੀਤਾ ਗਿਆ ਹੈ, ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਉਸਦੀ ਗੱਲ ਕਰਦਿਆਂ ਕਿਹਾ ਕਿ ਬੀਤੇ ਦਿਨੀ ਪਾਰਟੀ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਐਮ ਐਸ ਪੀ ਗਿਣਨ ਸਮੇਂ ਜ਼ਮੀਨ ਦੀ ਕੀਮਤ, ਇਸਦੇ ਠੇਕੇ ਦੀ ਲਾਗਤ ਸਮੇਤ ਵਿਆਪਕ ਕੀਮਤ (ਸੀ-2) ਜਨਤਕ ਤੌਰ 'ਤੇ ਗਿਣੇ ਜਾਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਕਿਸਾਨ ਸਹੀ ਮਹਿਸੂਸ ਕਰਦੇ ਹਨ ਕਿ ਉਹਨਾਂ ਦਾ ਸਹੀ ਸਤਿਕਾਰ ਨਹੀਂ ਕੀਤਾ ਜਾ ਰਿਹਾ ਹੈ ਤੇ ਜੇਕਰ ਇਹ ਸੀ-2 ਸਹੀ ਤਰੀਕੇ ਨਾ ਗਿਣੀ ਗਈ ਤਾਂ ਉਹਨਾਂ ਨੂੰ ਸੀ-2 'ਤੇ 50 ਫੀਸਦੀ ਮੁਨਾਫੇ ਸਮੇਤ ਬਣਦੀ ਐਮ ਐਸ ਪੀ ਦਾ ਲਾਭ ਨਹੀਂ ਮਿਲੇਗਾ। ਉਹਨਾਂ ਨੇ ਇਕ ਕਮੇਟੀ ਬਣਾਉਣ ਦੀ ਵਕਾਲ ਕੀਤੀ ਜੋ ਸੀ-2 ਦੇ ਨਾਲ 50 ਫੀਸਦੀ ਮੁਨਾਫਾ ਗਿਣ ਕੇ ਸਾਉਣੀ ਦੀਆਂ 14 ਫਸਲਾਂ 'ਤੇ ਆਈ ਲਾਗਤ ਮੁਤਾਬਕ ਐਮ ਐਸ ਪੀ ਗਿਣੇ ਅਤੇ ਇਸ ਕਮੇਟੀ ਵਿਚ ਕਿਸਾਨ ਪ੍ਰਤੀਨਿਧ ਵੀ ਸ਼ਾਮਲ ਕੀਤੇ ਜਾਣ। ਉਹਨਾਂ ਕਿਹਾ ਕਿ ਜੇਕਰ ਇਹ ਕਮੇਟੀ ਤੁਰੰਤ ਗਠਿਤ ਕੀਤੀ ਜਾਂਦੀ ਹੈ ਤੇ ਇਸਨੂੰ ਆਪਣੀਆਂ ਸਿਫਾਰਸ਼ਾਂ ਦੇਣ ਲਈ ਇਕ ਸਮਾ ਨਿਰਧਾਰਿਤ ਕੀਤਾ ਜਾਂਦਾ ਹੈ ਤਾਂ ਫਿਰ ਸਾਉਣੀ ਦੀਆਂ ਸਾਰੀਆਂ ਫਸਲਾਂ 'ਤੇ ਐਮ ਐਸ ਪੀ ਸਹੀ ਤਰੀਕੇ ਤੈਅ ਹੋ ਸਕਦੀ ਹੈ।

ਜਿਣਸ ਦੀ ਪੈਦਾਵਾਰ ਦੀ ਲਾਗਤ ਸਹੀ ਤਰੀਕੇ ਗਿਣੇ ਜਾਣ ਦਾ ਜ਼ੋਰਦਾਰ ਵਕਾਲਤ ਕਰਦਿਆਂ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਜਦੋਂ ਤੱਕ ਅਜਿਹਾ ਨਹੀਂ ਕੀਤਾ ਜਾਂਦਾ ਖੇਤੀਬਾੜੀ ਸੈਕਟਰ ਆਰਥਿਕ ਸੰਕਟ ਵਿਚੋਂ ਨਹੀਂ ਨਿਕਲ ਸਕੇਗਾ ਤੇ ਪ੍ਰਧਾਨ ਮੰਤਰੀ ਵੱਲੋਂ ਇਸ ਸਾਲ ਦੇ ਅਖੀਰ ਤੱਕ ਕਿਸਾਨਾਂ ਦੀ ਆਮਦਨ ਦੁੱਗਣਾ ਕਰਨ ਦਾ ਤੈਅ ਟੀਚਾ ਪੂਰਾ ਨਹੀਂ ਹੋ ਸਕੇਗਾ।

# 10ਵੇਂ ਕੌਮਾਂਤਰੀ ਯੋਗਾ ਦਿਵਸ ਮੌਕੇ ਖਿਡਾਰੀ ਸਨਮਾਨਿਤ



**ਚੌਂਕ ਮਹਿਤਾ 22 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਯੁਵਕ ਸੇਵਾਵਾਂ ਕਲੱਬ, ਅੰਮ੍ਰਿਤਸਰ ਅਤੇ ਪੰਜਾਬ ਦੀ ਨਾਮਵਰ ਖੇਡ ਸੰਸਥਾ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਸਮਾਜ ਸੇਵਕ/ਖੇਡ ਪ੍ਰੋਮੋਟਰ) ਅਤੇ ਇੰਟਰਨੈਸ਼ਨਲ ਯੋਗਾ ਕੋਚ ਨਰਪਿੰਦਰ ਸਿੰਘ ਦੀ ਯੋਗ ਅਗਵਾਈ ਅਤੇ ਪ੍ਰਿੰਸੀਪਲ ਸੁਮੀਤ ਪੁਰੀ ਅਤੇ ਰਿਤੂ ਪੁਰੀ ਦੀ ਰਿਹਾਨੁਮਾਈ ਹੇਠ ਜੇਜੇ ਇੰਨੋਵੇਸ਼ਨ ਸਪੋਰਟਸ ਅਕੈਡਮੀ (ਰਣਜੀਤ ਐਵੀਨਿਊ) ਵਿਖੇ 10ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ 9 ਮੌਕੇ ਬਾਰੇ ਜਾਣਕਾਰੀ ਦਿੰਦਿਆਂ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਲ 21 ਜੂਨ 2015 ਤੋਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਉਣ ਦੀ ਲੜੀ ਸ਼ੁਰੂ ਕੀਤੀ ਸੀ। ਅੰਤਰਰਾਸ਼ਟਰੀ ਯੋਗ ਦਿਵਸ ਦਾ ਉਦੇਸ਼ ਯੋਗਾ ਅਭਿਆਸ ਦੇ ਬਹੁਤ ਸਾਰੇ ਲਾਭਾਂ ਬਾਰੇ ਵਿਸ਼ਵ ਭਰ 'ਚ ਜਾਗਰੂਕਤਾ ਪੈਦਾ ਕਰਨਾ ਹੈ । 'ਯੋਗ' ਸ਼ਬਦ ਸੰਸਕ੍ਰਿਤ ਤੋਂ ਲਿਆ ਗਿਆ ਹੈ ਅਤੇ ਇਸਦਾ ਅਰਥ ਹੈ ਜੁੜਨਾ ਜਾਂ ਏਕਤਾ ਕਰਨਾ,ਸਰੀਰ ਅਤੇ ਚੇਤਨਾ ਦੇ ਮੇਲ ਦਾ ਪ੍ਰਤੀਕ ਹੈ । ਇਹ ਪ੍ਰਸਤਾਵ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਰਲ ਅਸੈਂਬਲੀ ਦੇ 69 ਵੇਂ ਸੈਸ਼ਨ ਦੀ ਸ਼ੁਰੂਆਤ ਦੌਰਾਨ ਆਪਣੇ ਸੰਬੋਧਨ ਵਿੱਚ ਪੇਸ਼ ਕੀਤਾ ਸੀ , ਜਿਸ ਵਿੱਚ ਉਨ੍ਹਾਂ ਕਿਹਾ ਸੀ " ਯੋਗ ਸਾਡੀ ਪ੍ਰਾਚੀਨ ਪਰੰਪਰਾ ਦਾ ਇੱਕ ਅਨਮੋਲ ਤੋਹਫ਼ਾ ਹੈ 9 ਅੱਜ ਕੰਪਿਊਟਰ ਦਾ ਯੁੱਗ ਹੈ, ਇਸ ਲਈ ਹਰ ਕੋਈ ਚਾਹੁੰਦਾ ਹੈ ਕਿ ਉਸ ਕੋਲ ਕੰਪਿਊਟਰ ਵਰਗਾ ਹੀ ਤੇਜ਼ ਦਿਮਾਗ ਹੋਵੇ,ਨਰੋਏ ਸਰੀਰ ਵਿੱਚ ਹੀ ਨਰੋਆ ਮਨ ਵਾਸ ਕਰਦਾ ਹੈ 9 ਇਸ ਲਈ ਲਾਜ਼ਮੀ ਹੈ ਕਿ ਸਰੀਰ ਨੂੰ ਸਿਹਤਮੰਦ ਰੱਖਿਆ ਜਾਵੇ,ਸਰੀਰ ਨੂੰ ਸਿਹਤਮੰਦ ਰੱਖਣ ਦਾ ਸਭ ਤੋਂ ਕਾਰਗਰ ਸਾਧਨ ਕਸਰਤ ਹੈ ਅਤੇ ਕਸਰਤ ਯੋਗ ਦਾ ਮਹੱਤਵ ਸਾਡੇ ਜੀਵਨ ਵਿੱਚ ਹੋਰ ਵੀ ਵੱਧ ਗਿਆ ਹੈ "ਯੋਗ ਭਾਰਤ ਦੀ ਪ੍ਰਾਚੀਨ ਪਰੰਪਰਾ ਦਾ ਇੱਕ ਅਨਮੋਲ ਤੋਹਫ਼ਾ ਹੈ ਇਹ ਪਰੰਪਰਾ 5000 ਸਾਲ ਪੁਰਾਣੀ ਹੈ "ਯੋਗਾ" ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਇੱਕ ਸੰਤੁਲਿਤ ਰਵੱਈਆ ਬਣਾਈ ਰੱਖਣ ਦੇ ਤਰੀਕੇ ਪੈਦਾ ਕਰਦਾ ਹੈ ਅਤੇ ਕਿਸੇ ਦੇ ਕੰਮਾਂ ਦੇ ਪ੍ਰਦਰਸ਼ਨ ਵਿੱਚ ਹੁਨਰ ਦਿੰਦਾ ਹੈ । ਯੋਗ ਆਸਣ ਤਾਕਤ, ਲਚਕਤਾ ਅਤੇ ਆਤਮ ਵਿਸ਼ਵਾਸ ਪੈਦਾ ਕਰਦੇ ਹਨ ਯੋਗ ਨਿਯਮਤ ਦਾ ਅਭਿਆਸ ਭਾਰ ਘਟਾਉਣ, ਤਣਾਅ ਤੋਂ ਛੁਟਕਾਰਾ ਪਾਉਣ,ਪ੍ਰਤੀਰੋਧਕ ਸ਼ਕਤੀ ਨੂੰ ਸੁਧਾਰਨ ਅਤੇ ਇੱਕ ਸਿਹਤਮੰਦ ਜੀਵਨ ਸ਼ੈਲੀ ਬਣਾਈ ਰੱਖਣ ਵਿੱਚ ਮਦਦ ਮੈਂ ਕਰ ਸਕਦਾ ਹੈ 9 ਯੋਗਾ ਸਿਰਫ਼ ਕਸਰਤ ਨਹੀਂ ਹੈ , ਸਗੋਂ ਆਪਣੇ ਆਪ ਸੰਸਾਰ ਅਤੇ ਕੁਦਰਤ ਨਾਲ ਏਕਤਾ ਦੀ ਭਾਵਨਾ ਨੂੰ ਖੋਜਣਾ ਹੈ ।ਆਪਣੀ ਜੀਵਨਸ਼ੈਲੀ ਨੂੰ ਬਦਲ ਕੇ ਅਤੇ ਚੇਤਨਾ ਪੈਦਾ ਕਰਕੇ , ਇਹ ਤੰਦਰੁਸਤੀ ਵਿੱਚ ਮਦਦ ਕਰ ਸਕਦਾ ਹੈ ।ਆਓ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਅਪਣਾਉਣ ਲਈ ਕੰਮ ਕਰੀਏ ।ਯੋਗ ਦੇ ਮਹੱਤਵ ਨੂੰ ਸਮਝਦਿਆਂ ਸਰਕਾਰਾਂ , ਵਿੱਦਿਅਕ ਸੰਸਥਾਵਾਂ ਸਪੋਰਟਸ ਅਕੈਡਮੀਆਂ ਅਤੇ ਬੁੱਧੀਜੀਵੀਆਂ ਦਾ ਇਹ ਫਰਜ਼ ਹੈ ਕਿ ਉਹ ਲੋਕਾਂ ਵਿੱਚ ਇਨ੍ਹਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਢੁੱਕਵੇਂ ਪ੍ਰਬੰਧ ਕਰਨ ਕਿਉਂਕਿ ਬਾਕੀ ਦੇ ਕੰਮ ਬਾਅਦ 'ਚ ਪਹਿਲਾਂ ਸਿਹਤ ਜਰੂਰੀ ਹੈ। ਇਸ ਮੌਕੇ ਕੰਨਵ ਕਲਿਆਣ, ਮੋਹਿਤ ਠਾਕੁਰ,ਰਾਜਗੀਰੀ,ਦੀਵੇਸ਼ ਸੌਰਬ,ਹਰਜੀਤ ਕੌਰ,ਮੋਹਿਤ ਕੁਮਾਰ,ਜਪਨੀਤ,ਇਨਾਯਾ, ਸਵਰੀਨ,ਪ੍ਰਿੰਸ,ਹਨੀ,ਹਰਪ੍ਰੀਤ,ਸੁਰਚੀ ਅੱਗ,ਅਰਸ਼ਪ੍ਰੀਤ ਕੌਰ,ਰਾਧਿਕਾ ਨੂੰ ਵਿਸ਼ੇਸ਼ ਤੋਰ ਤੇ ਸਨਮਾਨਿਤ ਕੀਤਾ ਗਿਆ।

# ਆਪਣੇ ਬੱਚਿਆ ਨੂੰ ਮਾਰੂ ਬੀਮਾਰੀਆਂ ਤੋਂ ਬਚਾਓਣ ਲਈ ਵੈਕਸੀਨੇਸ਼ਨ ਟੀਕੇ ਜਰੂਰ ਲਗਵਾਓ: ਸਿਵਲ ਸਰਜਨ ਡਾ ਭਾਰਤ ਭੂਸ਼ਣ



**ਚੌਂਕ ਮਹਿਤਾ, 22 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਜਿਲ੍ਹਾ ਪ੍ਰਸ਼ਾਸਨ ਤਰਨਤਾਰਨ ਵਲੋਂ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਕੁਮਾਰ ਜੀ ਦੀ ਅਗਵਾਹੀ ਹੇਠਾਂ ਸਿਵਲ ਸਰਜਨ ਡਾ ਭਾਰਤ ਭੂਸ਼ਣ ਵਲੋਂ ਜਿਲ੍ਹਾ ਕੰਪਲੈਕਸ ਮੀਟਿੰਗ ਹਾਲ ਤਰਨਤਾਰਨ ਵਿਖੇ ਰੁਟੀਨ ਇਮੁਨਾਈਜੇਸ਼ਨ ਅਤੇ ਮੀਜਲਸ-ਰੂਬੈਲਾ ਖਾਤਮਾਂ ਮੁਹਿੰਮ ਸੰਬਧੀ ਜਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਆਯੋਜਤ ਕੀਤੀ ਗਈ। ਇਸ ਮੀਟਿੰਗ ਵਿਚ ਜਿਲ੍ਹਾ ਟੀਕਾਕਰਣ ਅਫਸਰ ਡਾ ਵਰਿੰਦਰ ਪਾਲ ਕੌਰ, ਡਬਯੂ.ਐਚ.ਓ. ਵਲੋਂ ਡਾ ਇਸ਼ਿਤਾ, ਸਮੂਹ ਸਿਹਤ ਅੀਧਕਾਰੀ, ਸਮੂਹ ਸੀਨੀਅਰ ਮੈਡੀਕਲ ਅਫਸਰ ਅਤੇ ਲਗਭਗ ਸਾਰੇ ਵਿਭਾਗਾਂ ਦੇ ਨੁਮਾਇੰਦੇ ਸ਼ਾਮਿਲ ਹੋਏ। ਇਸ ਮੌਕੇ ਤੇ ਸਿਵਲ ਸਰਜਨ ਡਾ ਭਾਰਤ ਭੂਸ਼ਣ ਨੇ ਦੱਸਿਆ ਕਿ ਰੁਟੀਨ ਇਮੁਨਾਈਜੇਸ਼ਨ ਨਾਲ 12 ਕਿਸਮ ਦੀਆਂ ਮਾਰੂ ਬੀਮਾਰੀਆਂ ਤੋਂ ਅਸੀ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖ ਸਕਦੇ ਹਾਂ। ਇਸਤੋਂ ਇਲਾਵਾ ਮੀਜਲ ਅਤੇ ਰੁਬੈਲਾ ਦੋ ਅਜਿਹਿਆ ਬੀਮਾਰੀਆ ਹਨ ਜਿਨ੍ਹਾਂ ਕਰਕੇ ਭਾਰਤ ਵਿੱਚ ਬਹੁਤ ਸਾਰੇ ਬੱਚੇ ਹਰ ਸਾਲ ਬੀਮਾਰੀ ਦਾ ਸ਼ਿਕਾਰ ਹੋ ਜਾਦੇ ਹਨ। ਉਨਾਂ ਨੇ ਆਮ ਲੋਕਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆ ਨੂੰ ਇਹ ਟੀਕੇ ਜਰੂਰ ਲਗਵਾਉਣ। ਉਨਾਂ ਨੇ ਕਿਹਾ ਕਿ ਰੁਬੈਲਾ ਬੀਮਾਰੀ ਜੇਕਰ ਇੱਕ ਗਰਭਵਤੀ ਨੂੰ ਹੋ ਜਾਵੇ ਤਾਂ ਉਸਦਾ ਬੱਚਾ ਜਮਾਦਰੂ ਅਪੰਗ ਜਿਵੇ ਕਿ ਅੰਨਾ ਬੋਲਾ ਤੇ ਦਿਲ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਸਕਦਾ ਹੈ। ਇਹ ਟੀਕਾ ਪੂਰੀ ਤਰ੍ਹਾਂ ਸੁਰੱਖਿਅਤ ਹੈ। ਉਹਨਾਂ ਨੇ ਸਾਰੇ ਵਿਭਾਗਾਂ ਨੂੰ ਅਪੀਲ ਕੀਤੀ ਕਿ ਉਹ ਸਾਰੇ ਮਿਲ ਕੇ ਸਿਹਤ ਵਿਭਾਗ ਦੇ ਇਸ ਮਿਸ਼ਨ ਵਿਚ ਆਪਣਾਂ ਸਹਿਯੋਗ ਦੇਣ।

# ਐਸ ਆਈ ਜਸਬੀਰ ਸਿੰਘ ਬਣੇ ਇੰਸਪੈਕਟਰ ਡੀਐਸਪੀ ਨੇ ਲਗਾਏ ਸਟਾਰ



**ਚੌਂਕ ਮਹਿਤਾ, 22 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਥਾਣਾ ਮੱਤੇਵਾਲ ਵਿਖੇ ਸੇਵਾਵਾਂ ਨਿਭਾ ਰਹੇ ਐਸਆਈ ਜਸਬੀਰ ਸਿੰਘ ਖੁਜਾਲਾ ਨੂੰ ਤਰੱਕੀ ਮਿਲਣ ਤੇ ਇੰਸਪੈਕਟਰ ਬਣਾਇਆ ਗਿਆ ਹੈ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਐਸਆਈ ਜਸਬੀਰ ਸਿੰਘ ਜੋ ਕਿ ਪਿਛਲੇ ਸਮੇਂ ਤੋਂ ਥਾਣਾ ਮੱਤੇਵਾਲ ਜਿਲਾ ਦਿਹਾਤੀ ਅਧੀਨ ਸੇਵਾਵਾਂ ਨਿਭਾ ਰਹੇ ਸਨ ਵੱਲੋਂ ਚੰਗੀ ਕਾਰਗੁਜ਼ਾਰੀ ਦਾ ਮੁਜਾਇਰਾ ਕਰਦਿਆਂ ਲੋਕਾਂ ਨੂੰ ਇਨਸਾਫ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਜਸਬੀਰ ਸਿੰਘ ਨੂੰ ਇੰਸਪੈਕਟਰ ਤੇ ਸਟਾਰ ਲਗਾਉਣ ਮੌਕੇ ਗੱਲਬਾਤ ਕਰਦਿਆਂ ਡੀਐਸਪੀ ਜਸਪਾਲ ਸਿੰਘ ਮਜੀਠਾ ਅਤੇ ਥਾਣਾ ਮੁਖੀ ਮਨਬੀਰ ਸਿੰਘ ਨੇ ਦੱਸਿਆ ਕਿ ਜਸਬੀਰ ਸਿੰਘ ਵੱਲੋਂ ਬੜੀ ਹੀ ਤਨਦੇਹੀ ਨਾਲ ਨਿਭਾਈ ਜਾ ਰਹੀ ਸੇਵਾ ਨੂੰ ਵੇਖਦਿਆਂ ਪੰਜਾਬ ਸਰਕਾਰ ਵੱਲੋਂ ਹੁਕਮ ਜਾਰੀ ਕਰਕੇ ਉਹਨਾਂ ਨੂੰ ਸਬ ਇੰਸਪੈਕਟਰ ਤੋਂ ਇੰਸਪੈਕਟਰ ਬਣਾਇਆ ਗਿਆ ਹੈ ਉਹਨਾਂ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਪੰਜਾਬ ਪੁਲਿਸ ਵਿੱਚ ਚੰਗੀਆਂ ਸੇਵਾਵਾਂ ਨਿਭਾਉਣਗੇ।

# ਵਿਧਾਇਕ ਸੌਂਦ ਨਰੋਤਮ ਨਗਰ ਪਾਰਕ ਵਿੱਚ ਯੋਗਾ ਕਲਾਸ ਵਿੱਚ ਪੁੱਜੇ, ਯੋਗਾ ਗਤੀਵਿਧੀਆਂ ਕੀਤੀਆਂ, ਬੂਟੇ ਵੰਡੇ



**ਖੰਨਾ, 22 ਜੂਨ (ਓਮਕਾਰ ਸਿੰਘ ਸੱਤੂ)**- ਵਿਸ਼ਵ ਯੋਗ ਦਿਵਸ ਮੌਕੇ ਸਥਾਨਕ ਨਰੋਤਮ ਨਗਰ ਸਥਿਤ ਪਾਰਕ ਵਿੱਚ ਇਲਾਕਾ ਨਿਵਾਸੀਆਂ ਵੱਲੋਂ ਯੋਗਾ ਕੈਂਪ ਲਗਾਇਆ ਗਿਆ, ਜਿਸ ਵਿੱਚ ਇਲਾਕਾ ਨਿਵਾਸੀਆਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਹਲਕਾ ਖੰਨਾ ਦੇ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਤਰੁਨਪ੍ਰੀਤ ਸਿੰਘ ਸੌਂਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਲੋਕਾਂ ਨਾਲ ਯੋਗਾ ਕੀਤਾ। ਇਸ ਮੌਕੇ ਵਿਧਾਇਕ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਤਰਫੋਂ ਪਹਿਲਕਦਮੀ ਕਰਦਿਆਂ ਪੰਜਾਬ ਦੇ ਲੋਕਾਂ ਦੀ ਸਿਹਤ ਵਿੱਚ ਸੁਧਾਰ ਲਿਆਉਣ ਦੇ ਮੰਤਵ ਨਾਲ ਪੂਰੇ ਸੂਬੇ ਵਿੱਚ ਮੁੱਖ ਮੰਤਰੀ ਯੋਗਸ਼ਾਲਾ ਦੇ ਨਾਂ 'ਤੇ ਯੋਗਾ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਜੋ ਕਿ ਪੂਰੀ ਤਰ੍ਹਾਂ ਮੁਫਤ ਹਨ, ਜਿਸ ਦਾ ਲਾਭ ਪੰਜਾਬ ਭਰ ਦੇ ਲੱਖਾਂ ਲੋਕ ਹਰ ਰੋਜ਼ ਹਜ਼ਾਰਾਂ ਯੋਗਾ ਕਲਾਸਾਂ ਦਾ ਲਾਭ ਲੈ ਰਹੇ ਹਨ। ਜਿਸ ਦਾ ਮੁੱਖ ਉਦੇਸ਼ ਪੰਜਾਬ ਦੇ ਲੋਕਾਂ ਨੂੰ ਤੰਦਰੁਸਤ ਰੱਖਣਾ ਹੈ। ਵਿਧਾਇਕ ਸੌਂਦ ਨੇ ਕਿਹਾ ਕਿ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਇਨ੍ਹਾਂ ਯੋਗਾ ਕਲਾਸਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸੇ ਕੜੀ ਤਹਿਤ ਸਥਾਨਕ ਨਰੋਤਮ ਨਗਰ ਪਾਰਕ ਵਿੱਚ ਪੰਜਾਬ ਸਰਕਾਰ ਦੀ ਅਗਵਾਈ ਵਿੱਚ ਯੋਗਸ਼ਾਲਾ ਚਲਾਈ ਜਾ ਰਹੀ ਹੈ, ਜਿਸ ਵਿੱਚ ਸਰਕਾਰ ਵੱਲੋਂ ਮਹਿਲਾ ਕੋਚ ਇਕਬਾਲ ਕੌਰ ਨੂੰ ਨਿਯੁਕਤ ਕੀਤਾ ਗਿਆ ਹੈ, ਜੋ ਰੋਜ਼ਾਨਾ ਸਵੇਰੇ 6 ਵਜੇ ਤੋਂ ਸ਼ਾਮ 7 ਵਜੇ ਤੱਕ ਯੋਗਾ ਦੀਆਂ ਕਲਾਸ ਲਗਾ ਰਹੀ ਹੈ। ਇਸ ਮੌਕੇ ਮੌਕੇ ਤੇ ਹਿਤੇਸ਼ ਚਾਂਦੀ (ਰਿੰਕੀ) ਸਮਾਜ ਸੇਵਕ ਅਤੇ ਪ੍ਰਿੰਸੀਪਲ ਦੁਆਰਾ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਧ ਜੀ ਦੇ ਮੈਡਲ ਪਾ ਕੇ ਅਤੇ ਬੂਟਾ ਦੇਕੇ ਸਨਮਾਨ ਕੀਤਾ ਗਿਆ ਅਤੇ ਐਮ ਐਲ ਏ ਸਾਹਿਬ ਦੁਆਰਾ ਯੋਗ ਗੁਰੂ ਇਕਬਾਲ ਕੌਰ ਦਾ ਮੋਮੈਂਟੋ ਦੇ ਕੇ ਸਨਮਾਨ ਕੀਤਾ ਗਿਆ ਇਸ ਮੌਕੇ ਵਿਧਾਇਕ ਸੌਂਦ ਨੇ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੋਤਮ ਨਗਰ ਨਿਵਾਸੀ ਅਤੇ ਵਿਧਾਇਕ ਦੇ ਪੀਏ ਮਹੇਸ਼ ਕੁਮਾਰ, ਐਸ ਕੇ ਮਿੱਤਲ,ਮਨਜੀਤ ਸੌਂਧ, ਹਰਮਨ ਕੌਰ, ਜਤਿੰਦਰ ਸਿੰਘ, ਸਤੀਸ਼ ਦੁਆ ਰਿਟਾਇਰਡ ਪ੍ਰਿੰਸੀਪਲ,ਬਲਵਿੰਦਰ ਸਿੰਘ,ਕੁਲਵਿੰਦਰ ਸਿੰਘ ਪੰਮਾ ਹਲਵਾਈ, ਨਵਲ ਮਿੱਤਲ,ਲੱਕੀ, ਸ਼ਾਂਤੀ ਦੇਵੀਂ,ਮੋਨਿਕਾ, ਨੀਰਜ, ਵੰਦਨਾ ਗੁਪਤਾ, ਰਾਜ ਰਾਣੀ ,ਊਸ਼ਾ, ਸੁਮਨ,ਰਜਨੀ, ਸਵਰਨਾ, ਪੂਜਾ ਮੈਨਰੋ , ਸਰਿਤਾ, ਬਲਵਿੰਦਰ ਕੌਰ, ਰਵਿੰਦਰ ਕੌਰ, ਅਮਨਜੋਤ ਕੌਰ ਇਸ਼ਾ, ਨਿਸ਼ਾ ਗੁਪਤਾ ਵੀ ਮੌਜੂਦ ਸਨ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਮਾਂ ਬੋਲੀ ਨਾਲ ਕਰੀਏ, ਆਉ ਕਰੀਏ ਇਸਦੀ ਸਾਰ

# ਪੂਜਨੀਕ ਮਾਤਾ ਸਰਦਾਰਨੀ ਕਿਸਨ ਕੌਰ ਦੀ ਨਿੱਘੀ ਯਾਦ 'ਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ

## ਰਾਗੀ ਭਾਈ ਬਿਕਰਮਜੀਤ ਸਿੰਘ ਮੌਲੀ ਨੇ ਅੰਮ੍ਰਿਤ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਉਨ੍ਹਾਂ ਤੋਂ ਬਾਅਦ ਮਨਸੁੱਖਪ੍ਰੀਤ ਕੌਰ ਖ਼ਾਲਸਾ ਨੇ ਕੀਰਤਨ ਕੀਤਾ










'ਪੰਜਾਬ ਟਾਈਮਜ਼' ਦੀ ਦੇਸ਼-ਵਿਦੇਸ਼ 'ਚ ਮਕਬੂਲਤਾ ਦਾ ਆਲਮ

'ਪੰਜਾਬ ਟਾਈਮਜ਼' ਦੇ ਸੰਪਾਦਕ ਦਾ ਐਨ.ਆਰ.ਆਈ. ਪਰਿਵਾਰ ਵੱਲੋਂ ਗੋਲਡ ਮੈਡਲ ਨਾਲ ਸਨਮਾਨ

ੴ ਸਤਿਗੁਰ ਪ੍ਰਸਾਦਿ

ਸਤਿਗੁਰ ਕੀ ਸੇਵਾ ਸਫਲ ਹੈ, ਜੇ ਕੋ ਕਰੇ ਚਿਤੁ ਲਾਇ॥

ਸਰਦਾਰ ਬਲਜੀਤ ਸਿੰਘ ਬਰਾੜ (ਸੰਪਾਦਕ ਰੋਜ਼ਾਨਾ ਪੰਜਾਬ ਟਾਈਮਜ਼) ਨੂੰ

ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਯੋਗਦਾਨ ਪਾਉਣ ਲਈ

ਦਿਨ ਸ਼ੁੱਕਰਵਾਰ 21 ਜੂਨ 2024 ਨੂੰ ਗੁਰਦੁਆਰਾ ਸੰਤ ਬਾਬਾ ਫੂਲਾ ਸਿੰਘ ਜੀ,

ਪਿੰਡ ਵਿਰਕ, ਜ਼ਿਲ੍ਹਾ ਜਲੰਧਰ ਵਿਖੇ

ਸ਼ਲਾਘਾ ਪੱਤਰ

ਦੇਣ ਤੇ ਮਾਣ ਮਹਿਸੂਸ ਕਰਦੇ ਹਾਂ

ਵੱਲੋਂ: ਤਰਲੋਚਨ ਸਿੰਘ ਵਿਰਕ

ਸੰਚਾਲਕ, ਪੰਜਾਬੀ ਲਿਸਨਰਜ਼ ਕਲੱਬ, ਲੈਸਟਰ



**ਜਲੰਧਰ, 22 ਜੂਨ (ਆਵਾਜ਼ਿ ਕੌਮ ਬਿਊਰੋ)**-ਪੂਜਨੀਕ ਮਾਤਾ ਸਰਦਾਰਨੀ ਕਿਸਨ ਕੌਰ ਦੀ ਨਿੱਘੀ ਪਿਆਰੀ ਯਾਦ ਵਿੱਚ ਬੀਬੀ ਦਰਸ਼ਨ ਕੌਰ ਧਰਮ ਪਤਨੀ ਸਵਰਗਵਾਸੀ ਸਰਦਾਰ ਝਲਮਣ ਸਿੰਘ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਗੁਰਦੁਆਰਾ ਸੰਤ ਬਾਬਾ ਫੂਲਾ ਸਿੰਘ ਜੀ ਪਿੰਡ ਵਿਰਕ, ਜ਼ਿਲ੍ਹਾ ਜਲੰਧਰ ਵਿਖੇ ਕਰਵਾਏ ਗਏ, ਜਿਸ ਵਿੱਚ ਸ੍ਰੀ ਸੁਖਮਨੀ ਨਿਸ਼ਕਾਮ ਸੇਵਾ ਸੋਸਾਇਟੀ ਗੋਰਾਇਆ ਵਾਲੀਆਂ ਬੀਬੀਆਂ ਨੇ ਦੱਸ ਵਜੇ ਸੁਖਮਨੀ ਸਾਹਿਬ ਜੀ ਦਾ ਪਾਠ ਆਰੰਭ ਕੀਤਾ,ਜਿਸ ਦੇ ਭੋਗ ਸਵਾ ਗਿਆਰਾਂ ਵਜੇ ਪਾਏ ਗਏ ਉਪਰੰਤ ਰਾਗੀ ਭਾਈ ਬਿਕਰਮਜੀਤ ਸਿੰਘ ਮੌਲੀ ਨੇ ਅੰਮ੍ਰਿਤ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਉਨ੍ਹਾਂ ਤੋਂ ਬਾਅਦ ਮਨਸੁੱਖਪ੍ਰੀਤ ਕੌਰ ਖ਼ਾਲਸਾ ਨੇ ਕੀਰਤਨ ਕੀਤਾ ਤੇ ਅਨੰਦ ਸਾਹਿਬ ਦੇ ਪਾਠ ਤੋਂ ਉਪਰੰਤ ਅਰਦਾਸ ਹੋਈ ਅਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਅਪਣਾ ਧੁਰ ਕੀ ਬਾਣੀ ਦਾ ਫੁਰਮਾਨ ਬਖਸ਼ਿਆ,ਇਸ ਸਮੇਂ ਸ੍ਰੀ ਸੁਖਮਨੀ ਸਾਹਿਬ ਨਿਸ਼ਕਾਮ ਸੇਵਾ ਸੋਸਾਇਟੀ ਗੁਰਾਇਆਂ ਦੀਆਂ ਬੀਬੀਆਂ ਨੂੰ ਸਿੱਖ ਧਰਮ ਦੀ ਸੇਵਾਵਾਂ ਲਈ ਸ਼ਲਾਘਾ ਪੱਤਰ ਦਿੱਤਾ ਗਿਆ

ਅਤੇ ਬਲਜੀਤ ਸਿੰਘ ਬਰਾੜ ਅਤੇ ਰੁਪਿੰਦਰ ਕੌਰ ਬਰਾੜ ਰੋਜ਼ਾਨਾ ਪੰਜਾਬ ਟਾਈਮਜ਼ ਜਲੰਧਰ ਵਾਲਿਆਂ ਨੂੰ ਮਾਂ ਬੋਲੀ ਪੰਜਾਬੀ ਦੀ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਅਤੇ ਸਤਿਗੁਰੂ ਦੀ ਇਲਾਹੀ ਬਖਸ਼ਿਸ਼ ਨਾਲ ਮਨਸੁੱਖਪ੍ਰੀਤ ਕੌਰ ਖਾਲਸਾ ਜਿਨ੍ਹਾਂ ਨੇ ਛੇ ਸਾਲ ਦੀ

ਉਮਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਸਪੂੰਰਨ ਕੀਤਾ, ਜਿਸ ਦਾ ਭੋਗ ਗੁਰਦੁਆਰਾ ਸ਼੍ਰੀ ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪਾਇਆ ਗਿਆਂ, ਉਨ੍ਹਾਂ ਨੂੰ ਸੋਨੇ ਦੇ ਖੰਡੇ ਅਤੇ ਸੋਨੇ ਦੀ ਚੈਨ ਨਾਲ ਸਨਮਾਨਿਤ ਕੀਤਾ ਤੇ ਖਾਲਸਾ ਪੰਥ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਯੋਗਦਾਨ ਪਾਉਣ ਲਈ ਸਲਾਘਾ ਪੱਤਰ ਵੀ ਦਿੱਤਾ ਗਿਆ। ਇਸ ਸਮੇਂ ਮਾਤਾ ਕਿਸ਼ਨ ਕੌਰ ਜੀ ਦੇ ਪੇਕੇ ਪਿੰਡ ਮੋਆਈ ਨਜ਼ਦੀਕ ਗੁਰੂ ਅਰਜਨ ਸਾਹਿਬ ਜੀ ਦੇ ਇਤਿਹਾਸਕ ਗੁਰਦੁਆਰਾ ਮੌਉ ਸਾਹਿਬ ਤੋਂ ਉਨ੍ਹਾਂ ਦੇ ਭਤੀਜੇ ਗੁਰਦਾਵਰ ਸਿੰਘ ਘੁੰਮਣ ਅਤੇ ਹਰਵਿੰਦਰ ਸਿੰਘ ਪੱਪੂ ਸਾਬਕਾ ਸਰਪੰਚ ਤੇ ਉਨ੍ਹਾਂ ਦੇ ਪਰਿਵਾਰ ਦੇ ਮਾਤਾ ਕਿਸ਼ਨ ਕੌਰ ਜੀ ਰਿਸ਼ਤੇਦਾਰਾਂ ਨੇ ਅਪਣੇ ਜੀਵਨ ਦੀਆਂ ਘੜੀਆਂ ਸਫ਼ਲ ਕੀਤੀਆਂ, ਤਰਲੋਚਨ ਸਿੰਘ ਵਿਰਕ ਸੰਚਾਲਕ ਪੰਜਾਬੀ ਲਿਸਨਜ ਕਲੱਬ ਲੈਸਟਰ ਯੂ ਕੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਸੰਤ ਫੂਲਾ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਨਸੁੱਖਪ੍ਰੀਤ ਕੌਰ ਖਾਲਸਾ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਹੋਇਆ ਕਿਹਾ ਕਿ ਮਾਤਾ ਕਿਸ਼ਨ ਕੌਰ ਦੀ 29 ਬਰਸੀ ਯਾਦਗਾਰੀ ਹੋ ਨਿਬੜੀ, ਜਿਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਦੇ ਵੱਡੇ ਲੜਕੇ ਅਤੇ ਵੱਡੇ ਪੋਤਰੇ ਨੇ ਸੰਨ 1999 ਵਿਚ ਸੰਤ ਬਾਬਾ ਫੂਲਾ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਦਰਸਨੀ ਡਿਉੜੀ ਅਤੇ ਗੇਟ ਦੀ ਸੇਵਾ ਕਰਾਈ।

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਜੂਨ 1984 ਦੇ ਤੀਸਰੇ ਘੱਲੂਘਾਰੇ ਦੇ

# ਸਮੂਹ ਸ਼ਹੀਦਾਂ ਦੀ ਯਾਦ ਵਿਚ 40ਵੀਂ ਸ਼ਹੀਦੀ ਵਰ੍ਹੇਗੰਢ ਦੇ ਸਮਾਗਮ ਆਯੋਜਿਤ

### ਪਹਿਲੇ ਦਿਨ ਦੇ ਸਮਾਗਮਾਂ ਵਿਚ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਯੂ.ਕੇ. ਦੀਆਂ ਸੰਗਤਾਂ ਨੇ ਹਾਜ਼ਰੀ ਭਰੀ

ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਜੂਨ 1984 ਦੇ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾ ਦੀ ਯਾਦ ਵਿਚ 40ਵੀਂ ਸ਼ਹੀਦੀ ਵਰ੍ਹੇਗੰਢ ਦੇ ਸਮਾਗਮ ਦਮਦਮੀ ਟਕਸਾਲ ਜੱਥੇਬੰਦੀ ਦੀ ਸਰਪ੍ਰਸਤੀ ਹੇਠ , ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਸਮੂਹ uk ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਗਰੀਬ ਨਿਵਾਸ ਹੇਜ ,ਲੰਡਨ, uk ਵਿਖੇ ਤਿਨ ਰੋਜਾ ਸਮਾਗਮ 21,22,23 ਜੂਨ 2024 ਨੂੰ ਕਰਵਾਏ ਜਾ ਰਹੇ ਹਨ ।ਜਿਸ ਵਿਚ ਪਹਿਲੇ ਦਿਨ ਦੇ ਸਮਾਗਮਾਂ ਵਿਚ ਮਿਤੀ 21 ਜੂਨ ਨੂੰ ਪੰਥ ਦੇ ਵਿਦਵਾਨਾ ਅਤੇ ਪੰਥ ਦੇ ਕੀਰਤਨੀ ਜੱਥਿਆਂ ਨੇ ਹਾਜਰੀ ਭਰੀ।

(ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)






### ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ

# ਸ਼੍ਰੀ ਅੰਮ੍ਰਿਤਸਰ ਸਾਹਿਬ ਜਿਲ੍ਹੇ ਦੇ 20 ਲੇਖਕਾਂ ਨੂੰ ਸਨਮਾਨਿਤ ਕੀਤਾ ਗਿਆ





**ਅੰਮ੍ਰਿਤਸਰ, 22 ਜੂਨ (ਆਵਾਜ਼ਿ ਕੌਮ ਬਿਊਰੋ)-** ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਪੰਜਾਬ ਦੇ ਹਰ ਜਿਲੇ ਵਿੱਚ ਪੰਜਾਬੀ ਲੇਖਕਾਂ ਨੂੰ ਸਨਮਾਨਿਤ ਕਰਣ ਦੀ ਇੱਕ ਲੜੀ ਚਲਾਈ ਗਈ ਹੈ। ਇਸ ਦੇ ਤਹਿਤ ਸ਼੍ਰੀ ਅੰਮ੍ਰਿਤਸਰ ਜਿਲੇ ਦੇ ਚੁਣੇ ਹੋਏ 20 ਲੇਖਕਾਂ ਨੂੰ ਸਨਮਾਨਿਤ ਕੀਤਾ। ਇਸ ਦੇ ਨਾਲ ਹੀ ਲੇਖਕ ਪਰਵੀਨ ਕੌਰ ਸਿੱਧੂ ਦੀ ਕਿਤਾਬ "ਯਾਦਾਂ ਦੇ ਪੰਖੇਰੂ" ਦਾ ਵੀ ਲੋਕ ਅਰਪਣ ਕੀਤਾ ਗਿਆ। ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਇਹ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਨਵੀਆਂ ਅਤੇ ਪੁਰਾਣੀਆਂ ਕਲਮਾਂ ਨੂੰ ਸਾਹਿਤ ਦੇ ਖੇਤਰ ਵਿੱਚ ਪਾਏ ਜਾ ਰਹੇ ਉੱਨਾਂ ਦੇ ਯੋਗਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦੇ ਅੱਜ ਦੇ 20 ਸਿਤਾਰਿਆਂ ਨੇ ਆਪਣੀਆਂ ਕਹਾਣੀਆਂ, ਕਵਿਤਾਵਾਂ, ਗੀਤ ਅਤੇ ਗ.ਜ਼ਲਾਂ ਸੁਣਾ ਕੇ ਸਮਾਰੋਹ ਵਿੱਚ ਸਾਹਿਤ ਦੇ ਸਾਰੇ ਰੰਗ ਭਰ ਦਿੱਤੇ। ਮੰਚ ਦੇ ਸੰਸਥਾਪਕ ਰਰਸ਼ਿਪੰਦਰ ਕੌਰ ਗਿੱਲ ਜੀ ਨੇ ਇਸ ਸਮਾਗਮ ਦੀ ਆਪਣੀ ਪ੍ਰਬੰਧਕੀ ਟੀਮ ਮੈਡਮ ਗੁਰਬਿੰਦਰ ਕੌਰ ਟਿੱਬਾ ਜੀ ਸਪੇਨ ਪ੍ਰਧਾਨ, ਡਾ.ਸੁਰਜੀਤ ਸਿੰਘ ਜਰਮਨੀ ਜੀ-ਪ੍ਰਧਾਨ ਜਰਮਨੀ IPCC (Intellectual Punjabi chamber of commerce) Bureau chief Germany (Punjab Headlines), ਸ਼੍ਰੀ ਅੰਮ੍ਰਿਤਸਰ ਦੇ ਪ੍ਰਧਾਨ ਡਾ. ਨਵਤੇਜ ਸਿੰਘ ਬੇਦੀ ਜੀ ਅਤੇ ਐਡਵੋਕੇਟ ਸ਼ੁਕਰਗੁਜਾਰ ਸਿੰਘ ਜੀ ਪ੍ਰਧਾਨ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਪਰਵੀਨ ਕੌਰ ਸਿੱਧੂ ਜੀ ਨੂੰ ਉੱਨਾਂ ਦੀ ਕਿਤਾਬ ਦੇ ਲੋਕ ਅਰਪਣ ਲਈ ਵਧਾਈ ਦਿੱਤੀ। ਡਾ. ਨਵਤੇਜ ਸਿੰਘ ਬੇਦੀ ਜੀ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ। ਮੰਚ ਵੱਲੋਂ ਕੀਤੇ ਗਏ ਸਨਮਾਨਿਤ ਲੇਖਕ ਸਨ- 1. ਭੁਪਿੰਦਰ ਸਿੰਘ ਸੰਧੂ (ਪ੍ਰਧਾਨ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ) 2. ਸ਼ੇਲਿੰਦਰਜੀਤ ਸਿੰਘ ਰਾਜਨ (ਪ੍ਰਧਾਨ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ) 3. ਦੀਪ ਦੇਵਿੰਦਰ ਸਿੰਘ (ਪੰਜਾਬੀ ਕਹਾਣੀਕਾਰ) 4. ਜਸਵੰਤ ਧਾਪ 5. ਸਤਨਾਮ ਜੱਸੜ 6. ਲਾਡੀ ਹੁੰਦਲ 7. ਡਾ.ਨਿਰਮ ਜੋਸਨ (ਸਟੇਟ ਐਵਾਰਡੀ) 8. ਸੁਰਿੰਦਰ ਕੌਰ ਸਰਾਏ 9. ਦਿਲਰਾਜ ਸਿੰਘ 'ਦਰਦੀ' (ਸਾਹਿਤ ਪ੍ਰਚਾਰ ਮੰਚ ਅੰਮ੍ਰਿਤਸਰ) 10. ਐਡਵੋਕੇਟ ਨਵਨੀਤ ਸਿੰਘ 11. ਅਮਨ ਢਿੱਲੋਂ ਕਸੇਲ 12. ਸਵ. ਅੰਮ੍ਰਿਤਪਾਲ ਸਿੰਘ ਪੰਨੂ ਖੱਬੀ ਰਾਜਪੂਤਾਂ 13. ਸਰਬਜੀਤ ਸਿੰਘ ਪੱਡਾ (ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ) 14. ਅਤਰ ਸਿੰਘ ਤਰਸਿੱਕਾ (ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਤਰਸਿੱਕਾ (ਅੰਮ੍ਰਿਤਸਰ)) 15. ਜਗਤਾਰ ਗਿੱਲ 16. ਸਵਿੰਦਰ ਸਿੰਘ ਲਾਹੌਰੀਆ (ਜੰਡਿਆਲਾ ਗੁਰੂ) 17. ਮਲਕੀਤ ਸਿੰਘ ਨਿਮਾਣਾ ਮੱਤੇਵਾਲ (ਪੰਥਕ ਕਵੀ) 18. ਐਡਵੋਕੇਟ ਵਿਸ਼ਾਲ ਸ਼ਰਮਾ ਉਰਫ ਸਿਦਕ 19. ਜਸਬੀਰ ਕੌਰ 20. ਬਲਵਿੰਦਰ ਕੌਰ ਪੰਧੇਰ। ਇਸ ਸਮਾਗਮ ਵਿੱਚ ਸ਼ਿਰਕੱਤ ਕਰਣ ਲਈ ਉਚੇਚੇ ਤੌਰ ਤੇ ਅਦਬੀ ਸ਼ਖਸਿਅਤਾਂ ਗਾਇਕ ਮੱਖਣ ਭੈਣੀਵਾਲਾ, ਰਾਜਵਿੰਦਰ ਕੌਰ, ਭੁਪਿੰਦਰ ਸਿੰਘ, ਡਾ. ਮੋਹਣ ਬੇਗੋਵਾਲ, ਕਿਰਪਾਲ ਸਿੰਘ, ਜਸਵਿੰਦਰ ਕੌਰ, ਅਜੀਤ ਸਿੰਘ ਨਭੀਪੁਰੀ ਜੀ ਵੀ ਪਹੁੰਚੇ। ਭਾਈ ਵੀਰ ਸਿੰਘ ਨਿਵਾਸ ਦੇ ਡਿਪਟੀ ਡਾਇਰੈਕਟਰ ਪਰਮਿੰਦਰ ਕੌਰ ਹੁੰਦਲ ਜੀ ਵੀ ਉੱਚੇਚੇ ਤੌਰ ਤੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚੇ। ਸਾਰੀਆਂ ਮਾਨ ਮਿਤੀਆਂ ਸ਼ਖਸਿਅਤਾਂ ਦਾ ਸਨਮਾਨ ਕਰਦੇ ਹੋਏ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਸਮੁੱਚੀ ਟੀਮ ਮਾਨ ਮਹਿਸੂਸ ਕਰ ਰਹੀ ਹੈ।

### ਲੇਖਕ ਪਰਵੀਨ ਕੌਰ ਸਿੱਧੂ ਜੀ ਦੀ ਕਿਤਾਬ "ਯਾਦਾਂ ਦੇ ਪੰਖੇਰੂ" ਦਾ ਵੀ ਕੀਤਾ ਗਿਆ ਲੋਕ ਅਰਪਣ

## ਅੰਮ੍ਰਿਤ ਸਰੋਵਰ ਦੇ ਕੰਢੇ ਤੇ ਯੋਗਾ ਕਰਨ ਵਾਲੀ ਔਰਤ ਨੂੰ ਇਕੱਲੀ ਮੁਆਫੀ ਨਹੀਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਉਸ ਟਾਈਮ ਮੌਜੂਦ ਸੇਵਾਦਾਰਾਂ ਤੇ ਵੀ ਕਾਰਵਾਈ ਹੋਵੇ : ਬਾਬਾ ਸੁੱਖਾ ਸਿੰਘ



**ਜੰਡਿਆਲਾ ਗੁਰੂ, 22 ਜੂਨ ( ਕੁਲਵੰਤ ਸਿੰਘ ਵਿਰਦੀ)**-ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ ਦਿਨ ਸ਼ਰਾਰਤੀ ਅਨਸਰਾਂ ਵੱਲੋਂ ਕੋਝੀਆਂ ਹਰਕਤਾਂ ਕਰਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾਂਦੀ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਿਮਲੇ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਨੇ ਅੱਗੇ ਕਿਹਾ ਕਿ ਬੀਤੇ ਦਿਨ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿੱਚ ਅੰਮ੍ਰਿਤ ਸਰੋਵਰ ਦੇ ਕੰਢੇ ਤੇ ਇਕ ਔਰਤ ਵੱਲੋਂ ਯੋਗਾ ਕਰਕੇ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਕਰੋੜਾਂ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਦੇ ਮਨਾਂ ਨੂੰ ਗਹਿਰੀ ਠੇਸ ਪਹੁੰਚਾਈ ਗਈ ਹੈ ਜਿਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ ਅੱਗੇ ਉਨ੍ਹਾ ਕਿਹਾ ਕਿ ਹਰ ਇੱਕ ਧਰਮ ਸਤਿਕਾਰਯੋਗ ਹੈ ਅਤੇ ਹਰ ਇੱਕ ਧਰਮ ਅਸਥਾਨ ਦੀ ਕੋਈ ਮਰਿਆਦਾ ਹੁੰਦੀ ਹੈ ਅਤੇ ਜੇਕਰ ਕਿਸੇ ਨੂੰ ਉਸ ਧਰਮ ਦੀ ਮਰਿਆਦਾ ਦਾ ਪਤਾ ਨਾ ਹੋਵੇ ਤਾਂ ਅੱਜ ਕੱਲ੍ਹ ਇੰਟਰਨੈੱਟ ਦਾ ਜ਼ਮਾਨਾ ਹੈ ਅਤੇ ਹਰ ਇੱਕ ਧਰਮ ਦੀ ਮਰਿਆਦਾ ਬਾਰੇ ਇਨਸਾਨ ਨੂੰ ਪਤਾ ਲੱਗ ਜਾਂਦਾ ਹੈ ਅੱਗੇ ਉਨ੍ਹਾ ਨੇ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਐਸੇ ਲੋਕਾਂ ਨੂੰ ਇਕੱਲੀ ਮੁਆਫੀ ਨਹੀਂ ਦਿੱਤੀ ਜਾਣੀ ਚਾਹੀਦੀ ਸਗੋਂ ਐਸੇ ਲੋਕਾਂ ਉਪਰ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਵਾਈ ਜਾਣੀ ਚਾਹੀਦੀ ਹੈ 9 ਕਿਉਂਕਿ ਸ਼ਰਾਰਤੀ ਅਨਸਰਾਂ ਵੱਲੋਂ ਪਹਿਲਾਂ ਭਾਵਨਾਵਾਂ ਨੂੰ ਭੜਕਾਇਆ ਜਾਂਦਾ ਹੈ ਅਤੇ ਬਾਅਦ ਵਿੱਚ ਇਹ ਲੋਕ ਮੁਆਫੀ ਮੰਗ ਕੇ ਰਿਹਾਅ ਹੋ ਜਾਂਦੇ ਹਨ 9 ਅੱਗੇ ਬਾਬਾ ਸੁੱਖਾ ਸਿੰਘ ਜੀ ਨੇ ਕਿਹਾ ਕਿ ਪ੍ਰਕਰਮਾ ਵਿੱਚ ਸੇਵਾਦਾਰਾਂ ਵਿੱਚ ਵਾਧਾ ਕੀਤਾ ਜਾਵੇ ਅਤੇ ਜਿਉਂ ਇਸ ਘਟਨਾ ਸਮੇਂ ਸੇਵਾਦਾਰ ਮੌਜੂਦ ਸਨ ਉਨ੍ਹਾਂ ਉਪਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰਵਾਈ ਕੀਤੀ ਜਾਵੇ।

## ਪਤੇ ਦੀ ਗੱਲ ਸਮਝਣ ਯੋਗ ਦੇ ਸੰਭਲ ਜਾਓ



ਸਾਰੇ ਵੀਰਾਂ/ਭੈਣਾਂ ਨੂੰ ਬੇਨਤੀ ਹੈ ਕਿ ਇਸ ਸੰਦੇਸ਼ ਨੂੰ ਗਹਿਰਾਈ ਦੇ ਨਾਲ ਲਿਆ ਜਾਵੇ। ਜਿਸ ਤਰ੍ਹਾਂ ਕਿ ਅਸੀਂ ਸਭ ਜਾਣਦੇ ਹਾਂ ਕਿ ਪੰਜਾਬ ਦੀ ਧਰਤੀ ਦੇ ਵਿੱਚ ਪਾਣੀ ਮੁੱਕਣ ਦੀ ਸ਼ੁਰੂਆਤ ਫਤਹਿਗੜ੍ਹ ਸਾਹਿਬ ਤੋਂ ਹੋ ਗਈ ਹੈ ਮਤਲਬ ਇਹ ਕਿ ਹੁਣ ਸਾਡੇ ਘਰਾਂ ਦੇ ਵਿੱਚ ਵੀ ਪਾਣੀ ਹੌਲੀ ਹੌਲੀ ਮੁੱਕ ਹੀ ਜਾਵੇਗਾ। ਬਿਨਾਂ ਪਾਣੀ ਤੋਂ ਜੇ ਮਾੜਾ ਜਿਹਾ ਸੋਚ ਵੀ ਕਰਨ ਦੀ ਕਰੀਏ ਤਾਂ ਲੂ ਕੰਡੇ ਖੜੇ ਹੋ ਜਾਂਦੇ ਨੇ ਕਿ ਕਿਵੇਂ ਸਿਸਟਮ ਚੱਲੇਗਾ ? ਕੋਈ ਜਿੰਨਾ ਮਰਜ਼ੀ ਕਿਸੇ ਨੂੰ ਕਹਿ ਲਵੇ, ਵੰਨ ਸੁਵੰਨੇ ਪੋਸਟਰ, ਸੰਦੇਸ਼ ਬਣਾ ਕੇ ਵਟਸਐਪ ਉੱਤੇ ਭੇਜ ਲਵੇ, ਪਰ ਸਾਡੇ ਪੰਜਾਬ ਦੀ ਅਨਪੜਤਾ ਇਸ ਚੀਜ਼ ਨੂੰ ਗਹਿਰਾਈ ਦੇ ਨਾਲ ਨਹੀਂ ਲੈ ਰਹੀ। ਆਓ ਨੌਜਵਾਨ ਪੀੜੀ ਮਿਲ ਕੇ ਹੰਬਲਾ ਮਾਰੀਏ, ਆਪਣੇ ਪਿੰਡ/ਸ਼ਹਿਰ ਸਾਰੇ ਗੁਰਦੁਆਰਿਆਂ ਦੇ ਗ੍ਰੰਥੀ ਭਾਈਆਂ ਨੂੰ ਬੇਨਤੀ ਕਰੀਏ ਕਿ ਉਹ ਸਵੇਰੇ ਅਤੇ ਸ਼ਾਮ ਦੋ ਟਾਈਮ ਪਾਣੀ ਨੂੰ ਸੰਭਾਲਣ ਦੀ ਅਨਾਉਂਸਮੈਂਟ ਕਰਨ, ਉਸ ਦੀ ਦੁਰਵਰਤੋਂ ਕਰਨ ਤੋਂ ਰੋਕਣ... ਕਿਰਪਾ ਕਰਕੇ ਤੁਹਾਡੇ ਕੋਲ ਜਿੰਨੇ ਵੀ ਗਰੁੱਪ ਹਨ ਉਸ ਵਿੱਚ ਇਸ ਮੈਸੇਜ ਨੂੰ ਭੇਜਿਆ ਜਾਵੇ ਤਾਂ ਜੋ ਪੰਜਾਬ ਦੇ ਸਾਰੇ ਪਿੰਡਾਂ/ਸ਼ਹਿਰਾਂ ਦੇ ਵਿੱਚ ਇਹ ਗੱਲ ਪਹੁੰਚ ਜਾਵੇ।

☛ ਬਹੁਤ ਸਾਲਾਂ ਤੋਂ ਬੁੱਧੀਜੀਵੀ ਤੇ ਸਾਇੰਸਦਾਨ ☛ ਸਾਡੇ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਦੇ ☛ ਆ ਰਹੇ ਸਨ ਪਰ ਸਾਡੇ ਕਿਸਾਨ ਵੀਰ ਧੜਾਧੜ ਝੋਨਾ ਲਾ ਕੇ ਪੰਜਾਬ ਵਿਚਲੇ ਪਾਣੀ ਨੂੰ ਖ਼ਤਮ ਕਰਨ ਤੇ ਤੁਰੇ ਆ । ☛ ਪਹਿਲੀ ਮੰਦਭਾਗੀ ਖ਼ਬਰ ਫਤਿਹਗੜ੍ਹ ਸਾਹਿਬ ਤੋਂ ਆਈ ਆ ਜਿੱਥੇ 4 ਪਿੰਡਾਂ ਵਿੱਚ ☛ ਪਾਣੀ ਖ਼ਤਮ ਹੋ ਗਿਆ। ☛ ਪਰ ਸਾਡੇ ਕਿਸਾਨ ਫਿਰ ਵੀ ਬੇਸ਼ਰਮ ਹੋ ਕੇ ☛ ਝੋਨਾ ਲਾਉਣ ਤੋਂ ਪਿੱਛੇ ਨਹੀਂ ਹੱਟ ਰਹੇ। ☛ ਲੱਗਦਾ ਇਹ ਹੱਥਾਂ ਨਾਲ ਬੰਨੀਆਂ ਫਿਰ ਮੂੰਹ ਨਾਲ ਖੋਹਲਣਗੇ। ☛ ਪਰ ਪਾਣੀ ਸਿਰ ਉਪਰੋਂ ਲੰਘ ਚੁੱਕਾ ਪਾਣੀ ਤੇ ਦਰੱਖਤ ਨੂੰ ਸਾਂਭਣਾ ਹੀ ਸਮੇਂ ਦੀ ਮੁੱਖ ਲੋੜ ਆ।

**-ਸਮਾਜ ਸੇਵੀ ਸ, ਹਰਜਿੰਦਰ ਸਿੰਘ ਜਲਾਲ ਉਸਮਾ**

**ਫੋਟੋ ਵੇਰਵਾ : ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ**